ੴ ਵਾਹਿਗੁਰੂ ਜੀ ਕੀ ਫ਼ਤਹ ॥

ਗੁਰਸਿੱਖੀ ਸ਼ਾਨ

ਜਿਸ ਵਿਚ ਸੰਸਾਰ ਵਿੱਚ ਕੇਸਾਂ ਬਾਰੇ ਹੋਈ
ਵਿਗਿਆਨਕ ਤੇ ਇਤਿਹਾਸਕ
ਖੋਜ ਵੀ ਸ਼ਾਮਲ ਹੈ।

ਲੇਖਕ :-
ਸਰੂਪ ਸਿੰਘ 'ਅਲੱਗ'
ਪਟਿਆਲਾ।

ਪ੍ਰਕਾਸ਼ਕ :-
ਧਰਮ ਪ੍ਰਚਾਰ ਕਮੇਟੀ (ਸ਼੍ਰੋ: ਗੁ: ਪ੍ਰ: ਕਮੇਟੀ),
ਸ੍ਰੀ ਅੰਮ੍ਰਿਤਸਰ।

ਭੇਟਾ ਰਹਿਤ

ਪ੍ਰਕਾਸ਼ਕ :
ਧਰਮ ਪ੍ਰਚਾਰ ਕਮੇਟੀ,
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ।

ਅਗਸਤ ੨੦੦੦ ੨੦,੦੦੦

ਛਾਪਣ ਵਾਲੇ :
ਗੋਲਡਨ ਆਫਸੈਟ ਪ੍ਰੈਸ (ਸ਼੍ਰੋ. ਗੁ. ਪ੍ਰ. ਕਮੇਟੀ)
ਗੁਰਦੁਆਰਾ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ।

ਦੋ ਸ਼ਬਦ

'ਗੁਰਸਿੱਖੀ ਸ਼ਾਨ' ਪੁਸਤਕਾ ਦੋ ਆਰਟੀਕਲਾਂ ਤੇ ਅਧਾਰਤ ਹੈ, ਜਿਹੜੇ ਪਹਿਲੀ ਵਾਰੀ ੧੯੭੬ ਵਿੱਚ ਅਖਬਾਰਾਂ ਰਸਾਲਿਆਂ ਵਿੱਚ ਛਪੇ। ਇਸ ਤੋਂ ਮਗਰੋਂ ਕਈ ਅਦਾਰਿਆਂ ਨੇ ਇਹਨਾਂ ਨੂੰ ਪਰਚਾਰ ਹਿੱਤ ਛਾਪ ਕੇ ਸੰਗਤਾਂ ਵਿੱਚ ਮੁਫ਼ਤ ਵੰਡਿਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ 'ਧਰਮ ਪਰਚਾਰ ਕਮੇਟੀ' ਨੇ ਵੀ ੧੯੮੦ ਤੋਂ ਇਸ ਪੁਸਤਕਾ ਨੂੰ ਛਾਪਣਾ ਸ਼ੁਰੂ ਕੀਤਾ ਅਤੇ ਹੁਣ ਤਕ ਉਹਨਾਂ ਵਲੋਂ ਇਹ ਕਈ ਵਾਰੀ ਪੰਜਾਬੀ ਦੇ ਨਾਲ-ਨਾਲ ਹਿੰਦੀ ਵਿੱਚ ਵੀ ਛਾਪੀ ਜਾ ਚੁਕੀ ਹੈ।

ਪਾਠਕਾਂ ਨੇ ਇਸ ਪੁਸਤਕਾ ਵਿੱਚ ਦਰਜ ਜਾਣਕਾਰੀ ਨੂੰ ਬਹੁਤ ਸਲਾਹਿਆ ਹੈ ਅਤੇ ਕਈ ਸੁਝਾਓ ਤੇ ਵਿਸ਼ੇ ਨਾਲ ਸਬੰਧਤ ਕੁਝ ਨਵੀਂ ਜਾਣਕਾਰੀ ਵੀ ਭੇਜੀ ਹੈ, ਜਿਨ੍ਹਾਂ ਨੂੰ ਮੌਜੂਦਾ ਸੰਸਕਰਣ ਵਿੱਚ ਸ਼ਾਮਲ ਕਰ ਲਿਆ ਗਿਆ ਹੈ। ਇਸ ਦੌਰਾਨ ਕੁਝ ਨਵੇਂ ਤੱਥ ਮੈਨੂੰ ਵੀ ਮਿਲੇ ਹਨ। ਕਈ ਪਾਠਕਾਂ ਨੇ ਇਹ ਵੀ ਲਿਖਿਆ ਹੈ ਕਿ ਪੁਸਤਕਾ ਵਿੱਚ ਦਰਜ ਕੇਸਾਂ ਬਾਰੇ ਆਰਟੀਕਲ ਤੋਂ ਇਹ ਇਤਨੇ ਪ੍ਰਭਾਵਤ ਹੋਏ ਹਨ ਕਿ ਉਹਨਾਂ ਨੇ ਕੇਸਾਂ ਦੀ ਬੇ-ਅਦਬੀ ਕਰਨੀ ਬੰਦ ਕਰ ਦਿੱਤੀ ਹੈ। ਕਈ ਸਿੰਘ ਵੀ ਸਜੇ ਹਨ।

ਮੈਨੂੰ ਪੂਰਨ ਯਕੀਨ ਹੈ ਕਿ ਇਸ ਨਵੇਂ ਸੰਸਕਰਣ ਨੂੰ ਪਾਠਕ ਵਧੇਰੇ ਪਸੰਦ ਕਰਨਗੇ ਅਤੇ ਆਪਣੇ ਸੁਝਾ ਅਤੇ ਹੋਰ ਜਾਣਕਾਰੀ ਮੈਨੂੰ ਭੇਜਦੇ ਰਹਿਣਗੇ।

ਦਾਸ:

ਸਰੂਪ ਸਿੰਘ 'ਅਲੱਗ'

ਉਪ ਡਾਇਰੈਕਟਰ,

ਪੰਜਾਬ ਰਾਜ ਬਿਜਲੀ ਬੋਰਡ,

ਪਟਿਆਲਾ।

ਪਟਿਆਲਾ

੧੨-੧੧-੮੫

੧ੴ ਵਾਹਿਗੁਰੂ ਜੀ ਕੀ ਫ਼ਤਹ ॥

ਗੈਰ ਸਿੱਖਾਂ ਵਲੋਂ

ਸਿੱਖਾਂ ਤੇ ਗੁਰਸਿੱਖਾਂ ਬਾਰੇ ਉਚਰੇ

ਸ਼ਰਧਾ-ਮਈ ਬਚਨ

ਪ੍ਰਸਿੱਧ ਰਾਗੀ ਸਵਰਗਵਾਸੀ ਭਾਈ ਧਰਮ ਸਿੰਘ ਜ਼ਖਮੀ ਇਕ ਵਾਰੀ ਅਚਾਰੀਆ ਵਿਨੋਬਾ ਭਾਵੇ ਨੂੰ ਮਿਲਣ ਲਈ ਗਏ ਅਤੇ ਜਦ ਅਚਾਰੀਆ ਜੀ ਨੂੰ ਪਤਾ ਲੱਗਾ ਕਿ ਭਾਈ ਸਾਹਿਬ ਗੁਰਬਾਣੀ ਦੇ ਸੁਲਝੇ ਹੋਏ ਗਾਇਕ ਹਨ ਤਾਂ ਉਨ੍ਹਾਂ ਨੇ ਯਕਦਮ ਭਾਈ ਸਾਹਿਬ ਅੱਗੇ ਫਰਮਾਇਸ਼ ਕਰ ਦਿੱਤੀ ਕਿ ਗੁਰੂ ਨਾਨਕ ਦੇਵ ਜੀ ਦੀ ਰਚੀ ਆਰਤੀ:

'ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ,
ਤਾਰਿਕਾ ਮੰਡਲ ਜਨਕ ਮੋਤੀ ॥....

ਉਨ੍ਹਾਂ ਨੂੰ ਗਾ ਕੇ ਸੁਣਾਈ ਜਾਵੇ। ਭਾਈ ਸਾਹਿਬ ਨੇ ਜਦ ਸ਼ਬਦ ਗਾਇਆ ਤਾਂ ਅਚਾਰੀਆ ਜੀ ਉਤੇ ਵਜਦ ਵਰਗੀ ਹਾਲਤ ਤਾਰੀ ਹੋ ਗਈ ਤੇ ਉਹ ਗੁਰੂ ਨਾਨਕ ਦੇਵ ਜੀ ਦੇ ਉਚਾਰੇ ਇਕ-ਇਕ ਅੱਖਰ ਤੇ ਸ਼ਬਦ ਨੂੰ ਸੁਣ-ਸੁਣ ਕੇ ਇਹੀ ਕਹਿ ਰਹੇ ਸਨ ਕਿ ਵਾਹਿਗੁਰੂ ਦੀ ਉਪਮਾ ਵਿਚ ਇਸ ਤੋਂ ਘੱਟ ਆਰਤੀ ਕਰਨੀ ਸ਼ੋਭਦੀ ਹੀ ਨਹੀਂ।

ਕਹਿੰਦੇ ਹਨ ਜਦ ਸ੍ਰੀ ਰਾਬਿੰਦਰ ਨਾਥ ਟੈਗੋਰ ਨੂੰ ਇਹ ਪੁੱਛਿਆ ਗਿਆ ਕਿ ਜੇਕਰ ਤੁਹਾਨੂੰ ਕੋਈ ਪੁੱਛੇ ਕਿ ਵਿਸ਼ਵ ਭਰ ਲਈ ਜੇ ਇਕ ਕੌਮੀ ਗੀਤ ਚਾਹੀਦਾ ਹੋਵੇ ਜਿਸ ਵਿਚ ਸਮੁੱਚੇ ਸੰਸਾਰ ਦੇ ਪਸਾਰੇ ਦੀ ਤਰਜ਼ਮਾਨੀ ਹੋ ਸਕੇ ਤਾਂ ਅਜਿਹਾ ਵਿਸ਼ਵ-ਵਿਆਪੀ ਕੌਮਾਂਤਰੀ ਗੀਤ ਕਿਹੋ ਜਿਹਾ ਹੋ ਸਕਦਾ ਹੈ? ਤਦ ਟੈਗੋਰ ਜੀ ਦੀ ਨਜ਼ਰ ਵੀ 'ਗਗਨ ਮੈ ਥਾਲੁ ਰਵਿ ਚੰਦੁ' ਵਾਲੇ ਗੁਰੂ ਨਾਨਕ ਦੇਵ ਜੀ ਦੇ ਉਚਾਰੇ ਸ਼ਬਦ ਵੱਲ ਹੀ ਗਈ। ਜਿਸ ਵਿਚ ਉਨ੍ਹਾਂ ਦੇ ਕਥਨ ਅਨੁਸਾਰ: ਗੁਰੂ ਜੀ ਨੇ ਅਕਾਲ ਪੁਰਖ ਦੀ ਸਰਬ-ਵਿਆਪੀ ਤੇ ਸਰਬ-ਸ਼ਕਤੀਮਾਨ ਹਸਤੀ ਦੀ ਬਹੁਤ ਹੀ ਵਿਸ਼ਾਲ ਤੇ ਪ੍ਰਸੰਸਾ-ਜਨਕ ਢੰਗ ਨਾਲ ਅਰਾਧਨਾ ਕੀਤੀ ਹੈ। ਜੇ ਗੁਰੂ ਨਾਨਕ ਦੇਵ ਜੀ ਦਾ ਇਹ ਇਕ ਸ਼ਬਦ ਸਾਰੀ ਲੋਕਾਈ ਦੀ ਤਰਜਮਾਨੀ ਕਰਨ ਦੀ ਮਹੱਤਤਾ ਰੱਖਦਾ ਹੈ ਤਾਂ ਸਮੁੱਚੇ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਜੁਲਤ ਸ਼ਬਦ ਜੋਤ ਸਹਿਜੇ ਹੀ ਮਨੁੱਖ ਮਾਤਰ ਨੂੰ ਉਹ ਸਭ ਕੁਝ ਪ੍ਰਦਾਨ ਕਰ ਸਕਦੀ ਹੈ, ਜਿਸ ਦੀ ਪ੍ਰਾਪਤੀ ਲਈ ਉਸ ਦੀ ਆਤਮਾ ਵਿਚ ਤੜਪ ਹੈ।

ਪੂਰਬ ਦੇ ਪ੍ਰਸਿੱਧ ਸ਼ਾਇਰ ਮੌਲਾਨਾ ਇਕਬਾਲ ਨੇ ਸਿੱਖ ਗੁਰੂ ਸਾਹਿਬਾਨ ਦੇ ਕਾਰਨਾਮੇ ਪੜ੍ਹ ਕੇ ਦੋ ਗੱਲਾਂ ਬੜੇ ਸਪੱਸ਼ਟ ਰੂਪ ਵਿਚ ਕਹੀਆਂ ਹਨ-

(ੳ) ਅਗਿਆਨਤਾ ਵਿਚੋਂ ਸਭ ਨੂੰ ਜਗਾਉਣ ਵਾਲੇ ਗੁਰੂ ਨਾਨਕ ਹਨ।

(ਅ) ਭਗਤੀ ਤੇ ਸ਼ਕਤੀ, ਇਖ਼ਲਾਕ ਤੇ ਵਰਿਆਮਤਾ ਇਹ ਅਜਿਹੀਆਂ ਵਿਲੱਖਣ ਸ਼ਕਤੀਆਂ ਹਨ ਜੋ ਗੁਰੂ ਸਾਹਿਬਾਨ ਨੇ ਖਾਲਸੇ ਵਿਚ ਭਰੀਆਂ ਹਨ। ਜਦੋਂ ਖਾਲਸੇ ਨੇ ਇਹ ਧਾਰਨ ਕਰ ਲਈਆਂ ਤਦ ਮੁਸਲਮਾਨੀ ਜਾਂਦੀ ਰਹੀ ਭਾਵ ਮੁਗ਼ਲ ਰਾਜ ਜਾਂਦਾ ਰਿਹਾ।

ਇਕਬਾਲ ਦੇ ਦਿਲ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਤੀ ਭਰਪੂਰ ਸ਼ਰਧਾ ਸੀ ਅਤੇ ਗੁਰੂ ਸਾਹਿਬ ਦੇ ਸਰਬ-ਪੱਖੀ ਮਾਨਵੀ ਅਧਿਆਤਮਕ ਫਲਸਫੇ ਨੂੰ ਵੇਖਦਿਆਂ ਹੋਇਆਂ ਉਹ ਬੇਸਾਖਤਾ ਕਹਿ ਉਠਿਆ-

"ਹਜ਼ਾਰੋਂ ਸਾਲ ਨਰਗਸ ਅਪਨੀ ਬੇਨੂਰੀ ਪੇ ਰੋਤੀ ਹੈ,
ਬੜੀ ਮੁਸ਼ਕਲ ਸੇ ਹੋਤਾ ਹੈ ਚਮਨ ਮੇ ਦੀਦਾਵਰ ਪੈਦਾ।

ਅਤੇ ਗੁਰੂ ਜੀ ਪ੍ਰਤੀ ਲਿਖੀ ਇਕ ਨਜ਼ਮ ਵਿਚ ਆਪਣਾ ਸਤਿਕਾਰ ਭੇਟ ਕਰਦਿਆਂ ਇਕਬਾਲ ਨੇ ਆਖ਼ਰੀ ਸ਼ੇਅਰ ਨੂੰ ਇਵੇਂ ਕਲਮ-ਬੰਦ ਕੀਤਾ :

"ਫਿਰ ਉਠੀ ਆਖ਼ਿਰ ਸਦਾਅ ਤੌਹੀਦ ਕੀ ਪੰਜਾਬ ਸੇ।
ਹਿੰਦ ਕੋ ਇਕ ਮਰਦੇ ਕਾਮਲ ਨੇ ਜਗਾਇਆ ਖ਼ਾਬ ਸੇ।"

ਗੱਲ ਇਥੇ ਹੀ ਨਹੀਂ ਮੁਕਦੀ, ਇਕ ਵਾਰੀ ਜਦੋਂ ਇਕਬਾਲ ਦਾ ਇਕ ਅਜ਼ੀਜ਼ ਦੋਸਤ ਸ੍ਰੀ ਹਬੀਬ, ਐਡੀਟਰ 'ਸਿਆਸਤ' ਲਾਹੌਰ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਾਨ ਬਾਣੀ ਜਪੁਜੀ ਸਾਹਿਬ ਦਾ ਉਰਦੂ ਵਿਚ ਅਨੁਵਾਦ ਕਰਨ ਲੱਗਾ ਤਾਂ ਉਨ੍ਹਾਂ ਨੇ ਹਬੀਬ ਨੂੰ ਉਚੇਰੇ ਤੌਰ ਤੇ ਤੰਬੀਹ ਕਰਦਿਆਂ ਹੋਇਆਂ ਕਿਹਾ-

"ਹਬੀਬ! ਗੁਰੂ ਨਾਨਕ ਸਾਹਿਬ ਦੇ ਜਪੁ ਜੀ ਦਾ ਉਰਦੂ ਵਿਚ ਅਨੁਵਾਦ ਕਰਨ ਲਗਿਆਂ ਅੱਲਾ ਤੋਂ ਇਹ ਸ਼ਕਤੀ ਮੰਗੀਂ ਕਿ ਤੂੰ ਇਸ ਬਾਣੀ ਨਾਲ ਇਨਸਾਫ਼ ਕਰ ਸਕੇਂ। ਤੂੰ ਜਪੁਜੀ ਸਾਹਿਬ ਨਾਲ ਪੱਖਪਾਤੀ ਨਾ ਹੋਵੀਂ, ਕਿਉਂਕਿ ਜਿਸ ਮਹਾਨ ਰਚਣਹਾਰੇ ਨੇ ਇਹ ਬਾਣੀ ਰਚੀ ਹੈ ਉਸ ਨੇ ਵੱਡੇ ਤੋਂ ਵੱਡੇ ਮੁਸਲਮਾਨ ਨਾਲੋਂ ਵੀ ਵਧ ਇਸਲਾਮ ਦੀ ਸੇਵਾ ਕੀਤੀ ਹੈ।"

ਗੁਰੂ ਨਾਨਕ ਸਾਹਿਬ ਜੀ ਪ੍ਰਤੀ ਅਜੇਹੇ ਵਲਵਲੇ-ਖੇਜ਼ ਪਰਭਾਵਾਂ ਦੀ ਰੋਸ਼ਨੀ ਵਿਚ ਅਸੀਂ ਸਹਿਜੇ ਹੀ ਅਨੁਭਵ ਕਰ ਸਕਦੇ ਹਾਂ ਕਿ ਇਕਬਾਲ ਸ੍ਰੀ ਗੁਰੂ ਨਾਨਕ ਦੇਵੀ ਜੀ ਪ੍ਰਤੀ ਕਿਤਨੀ ਤੀਬਰ ਸ਼ਰਧਾ ਤੇ ਪ੍ਰੇਮ ਭਾਵਨਾ ਰੱਖਦਾ ਸੀ।

ਇਕਬਾਲ ਵਾਂਗ ਹੋਰ ਵੀ ਜਿਨ੍ਹਾਂ ਵਿਦਵਾਨਾਂ, ਖੋਜਕਾਰਾਂ, ਇਤਿਹਾਸਕਾਰਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ ਦੇ ਮਿਸ਼ਨ ਬਾਰੇ ਅਧਿਐਨ ਕੀਤਾ ਉਨ੍ਹਾਂ

ਆਪਣੀਆਂ ਲਿਖਤਾਂ ਵਿਚ ਇਨ੍ਹਾਂ ਪ੍ਰਤੀ ਆਪਣੇ ਵਿਚਾਰ ਕੁਝ ਇਸ ਤਰ੍ਹਾਂ ਪਰਗਟ ਕੀਤੇ ਹਨ।

ਮੌਲਵੀ ਅਬਦੁੱਲ ਕਰੀਮ-

ਗੁਰੂ ਨਾਨਕ ਦੇ ਮਤ ਵਿਚ ਕਿਸੇ ਬਾਰੇ ਜ਼ਰਾ ਵੀ ਪੱਖਪਾਤ ਨਹੀਂ ਸੀ ਇਸ ਲਈ ਦੁਨੀਆਂ ਉਹਨਾਂ ਦੀ ਸ਼ਰਧਾਲੂ ਹੁੰਦੀ ਗਈ।

ਸਾਬਕਾ ਰਾਸ਼ਟਰਪਤੀ ਡਾਕਟਰ ਜ਼ਾਕੁਰ-ਹੁਸੈਨ-

ਗੁਰੂ ਨਾਨਕ ਜੀ ਨੇ ਆਪਣੇ ਜ਼ਮਾਨੇ ਦੇ ਲੋਕਾਂ ਨੂੰ ਆਪਣੇ ਉਪਦੇਸ਼ਾਂ ਸਦਕਾ ਉਹਨਾਂ ਗੱਲਾਂ ਦੀ ਸੋਝੀ ਕਰਾਈ ਜਿਹੜੀਆਂ ਇਨਸਾਨੀ ਦਿਮਾਗ ਨੂੰ ਰੋਸ਼ਨ ਤੇ ਹਿਰਦਿਆਂ ਨੂੰ ਸਾਫ਼-ਸ਼ੁੱਧ ਕਰਦੀਆਂ ਸਨ ਅਤੇ ਇਨਸਾਨ ਨੂੰ ਖੁਦਾ ਦਾ ਬੰਦਾ ਬਣਾ ਕੇ ਇਨਸਾਨੀ ਜ਼ਿੰਦਗੀ ਨੂੰ ਸਹੀ ਰਸਤੇ ਤੇ ਲਿਆਉਂਦੀਆਂ ਹਨ।

ਦਲਾਈ ਲਾਮਾ-

ਸੰਸਾਰ ਦੇ ਮਹਾਨ ਧਾਰਮਕ ਗੁਰੂਆਂ ਦੇ ਗਗਨ ਮੰਡਲ ਵਿਚ ਗੁਰੂ ਨਾਨਕ ਦੇਵ ਜੀ ਆਪਣੀ ਅਦੁੱਤੀ ਜੀਵਨ-ਜਾਚ ਸਦਕਾ ਸਭ ਤੋਂ ਵਧ ਚਮਕਣ ਵਾਲੇ ਸਤਾਰਿਆਂ ਵਿਚੋਂ ਇਕ ਹਨ।

ਜੈਨ ਮੁਨੀ ਸ੍ਰੀ ਸੁਸ਼ੀਲ ਕੁਮਾਰ-

ਗੁਰੂ ਨਾਨਕ ਦੇਵ ਜੀ ਅਕਾਲ ਪੁਰਖ ਵਲੋਂ ਇਸ ਸੰਸਾਰ ਤੇ ਇਕ ਸ਼ਾਂਤੀ ਦੂਤ ਵਜੋਂ ਭੇਜੇ ਗਏ ਅਤੇ ਉਹਨਾਂ ਨੇ 'ਜਗਤ ਜਲੰਦੇ' ਨੂੰ ਆਪਣੇ ਅਨੂਠੇ ਬੋਲਾਂ, ਸ਼ਬਦਾਂ ਤੇ ਬਾਣੀ ਨਾਲ ਸ਼ਾਂਤ ਕਰਨ ਵਿਚ ਕਾਮਯਾਬੀ ਪ੍ਰਾਪਤ ਕੀਤੀ।

ਇਤਿਹਾਸਕਾਰ ਸਰ ਗੋਕਲ ਚੰਦ-

ਕਥਨੀ ਤੇ ਕਰਨੀ ਦੇ ਸੂਰੇ ਦਸ ਗੁਰੂ ਸਾਹਿਬਾਨ ਨੇ ਭਾਰਤ ਦੀ ਮੁਰਦਾ ਕੌਮ ਵਿਚ ਨਵੀਂ ਰੂਹ ਫੂਕ ਦਿੱਤੀ। ਸਿੱਖੀ ਦੇ ਅਸੂਲਾਂ ਤੇ ਗੁਰੂਆਂ ਦੇ ਉਪਦੇਸ਼ਾਂ ਤੇ ਅਮਲੀ ਅਗਵਾਈ ਨੇ ਭਾਰਤੀ ਕੌਮ-ਰੂਪੀ ਕੱਚੇ ਲੋਹੇ ਨੂੰ ਫੌਲਾਦ ਵਿਚ ਬਦਲ ਦਿੱਤਾ ਤੇ ਬੇਹੱਦ ਸ਼ਕਤੀ-ਸ਼ਾਲੀ ਬਣਾ ਦਿੱਤਾ।

ਸਾਲ ੧੯੭੬ ਵਿਚ ਇੰਗਲੈਂਡ ਦੇ ਵਾਤਾਵਰਣ ਰਾਜ ਮੰਤਰੀ ਸ੍ਰੀ ਕੈਨਥ ਮਾਰਕਸ ਨੇ ੨੩ ਜੂਨ ੧੯੭੬ ਨੂੰ ਇੰਗਲੈਂਡ ਦੀ ਪਾਰਲੀਮੈਂਟ ਵਿਚ ਸਿੱਖਾਂ ਤੇ ਸਿੱਖਾਂ ਦੇ ਧਰਮ ਦੀ ਖਾਕਾਕਸ਼ੀ ਕਰਦਿਆਂ ਕਿਹਾ ਕਿ "ਸਿੱਖ ਆਪਣੇ ਗੁਰੂਆਂ ਵਲੋਂ ਦੱਸੇ ਮਾਰਗ ਤੇ ਚਲਦਿਆਂ ਹੋਇਆਂ ਵਿਸ਼ਵ ਵਿਚ ਵਫ਼ਾਦਾਰ, ਕਾਨੂੰਨ ਦੇ ਪਾਬੰਦ, ਸ਼ਰਧਾਲੂ ਤੇ ਪਿਆਰ ਭਾਵਨਾ ਵਾਲੇ ਲੋਕੀਂ ਹਨ।"

ਦਸ ਗੁਰੂ ਸਾਹਿਬਾਨ ਦੀ ਅਪਾਰ ਮਿਹਰ ਸਦਕਾ ਜਿਹੜਾ ਖਾਲਸਾ ੧੬੯੯ ਈ: ਦੀ ਵਿਸਾਖੀ ਵਾਲੇ ਦਿਨ ਪਰਗਟ ਹੋਇਆ ਉਸ ਦੇ ਅਮਲੀ ਕਾਰਨਾਮੇ ਵੇਖ-ਵੇਖ ਕੇ, ਸਮੇਂ-ਸਮੇਂ ਤੇ ਵੱਖ-ਵੱਖ ਲੋਕਾਂ ਨੇ ਇਸ ਪ੍ਰਤੀ ਮੌਲਾਨਾ ਇਕਬਾਲ ਵਾਂਗ ਸਹਿਜ ਸੁਭਾਅ ਹੀ ਕੁਝ ਕਥਨ ਕਹੇ ਹਨ, ਜਿਹੜੇ ਸਿੱਧ ਕਰਦੇ ਹਨ ਕਿ ਖਾਲਸਾ ਆਪਣੇ ਢਾਈ ਤਿੰਨ ਸੌ ਸਾਲਾਂ ਦੇ ਜੀਵਨ ਵਿਚ ਅਜਿਹਾ ਜੀਵਨ ਜੀਵਿਆ ਹੈ ਜਿਸ ਦੀ ਮਿਸਾਲ ਕਿਧਰੇ ਹੋਰ ਨਹੀਂ ਮਿਲਦੀ। ਆਪਣੀ ਤਾਰੀਫ ਆਪ ਕਰਨ ਨਾਲ ਗੱਲ ਨਹੀਂ ਬਣਦੀ, ਪਰ ਜੇ ਦੁਸ਼ਮਣ ਤਾਰੀਫ ਕਰੇ ਤਾਂ ਉਹ ਸਹੀ ਸਮਝਣੀ ਚਾਹੀਦੀ ਹੈ, ਕਿਉਂਕਿ ਉਸ ਵਿਚ ਲੋੜ ਨਾਲੋਂ ਵਧ ਸੰਕੋਚ ਹੁੰਦਾ ਹੈ।

ਅਹਿਮਦ ਸ਼ਾਹ ਅਬਦਾਲੀ ਨੇ ਹਿੰਦੁਸਤਾਨ 'ਤੇ ਬਹੁਤ ਹਮਲੇ ਕੀਤੇ ਅਤੇ ਜਦ ਉਹ ਵਿਸ਼ੇਸ਼ ਤੌਰ 'ਤੇ ਸਿੱਖਾਂ ਦੇ ਖਾਤਮੇ ਲਈ ਚੜ੍ਹਾਈ ਕਰਕੇ ਆਇਆ ਤਾਂ ਉਸ ਸਮੇਂ ਫਾਰਸੀ ਅਰਬੀ ਦਾ ਪ੍ਰਸਿੱਧ ਲੇਖਕ ਕਾਜ਼ੀ ਨੂਰ ਮੁਹੰਮਦ ਵੀ ਉਸ ਦੇ ਨਾਲ ਸੀ। ਇਹ ਕਾਜ਼ੀ ਜੋ ਵੇਖਦਾ ਗਿਆ, ਲਿਖਦਾ ਗਿਆ। ਫਿਰ ਉਸ ਨੇ ਜੋ ਕਿਤਾਬ ਲਿਖੀ, ਉਸ ਵਿਚ ਸਿੱਖਾਂ ਬਾਰੇ ਬੇਸ਼ੁਮਾਰ ਨਫਰਤ-ਆਮੇਜ਼ ਅਤੇ ਘਿਰਣਾ ਵਾਲੇ ਸ਼ਬਦ ਵਰਤੇ। ਜਿਤਨੀਆਂ ਵੀ ਗਾਲ੍ਹਾਂ ਕੋਈ ਬੰਦਾ ਕੱਢ ਸਕਦਾ ਹੈ, ਉਹ ਕਾਜ਼ੀ ਨੂਰ ਮੁਹੰਮਦ ਨੇ ਸਿੱਖਾਂ ਨੂੰ ਕੱਢੀਆਂ ਹਨ ਤੇ ਥਾਂ ਪਰ ਥਾਂ ਇਨ੍ਹਾਂ ਲਈ 'ਸਗ' ਭਾਵ ਕੁੱਤਾ ਸ਼ਬਦ ਦੀ ਵਰਤੋਂ ਕੀਤੀ ਪਰ ਜਿਸ ਸਮੇਂ ਉਹ ਸਿੱਖਾਂ ਦੇ ਗੁਣਾਂ ਦਾ ਵਰਣਨ ਕਰਨ ਲੱਗਿਆ ਉਦੋਂ ਉਸ ਨੂੰ ਸਿੱਖਾਂ ਦੀਆਂ ਸਿਫ਼ਤਾਂ ਦੀ ਬਹੁਤਾਤ ਦੇ ਭਾਰ ਥੱਲੇ ਆ ਕੇ ਗਾਲ੍ਹਾਂ ਤਾਂ ਭੁੱਲ ਗਈਆਂ ਅਤੇ ਸਿੱਖਾਂ ਦੇ ਅਸਲੀ ਰੂਪ ਨੂੰ ਚਿਤਰਨ ਵਿਚ ਤੱਤਪਰ ਹੋ ਗਿਆ। ਉਹ ਲਿਖਦਾ ਹੈ ਕਿ-

> "ਸਿੱਖ ਧਰਮ ਖ਼ਾਤਰ ਆਈ ਮੌਤ ਨੂੰ ਕੁਝ ਨਹੀਂ ਸਮਝਦੇ। ਗੁਰੂ ਗੋਬਿੰਦ ਸਿੰਘ ਨੇ ਇਨ੍ਹਾਂ ਨੂੰ ਇਵੇਂ ਹੀ ਸਮਝਾਇਆ ਹੈ। ਖੰਡੇ ਦਾ ਅੰਮ੍ਰਿਤ ਛੱਕ ਕੇ ਇਹ ਅਮਰ ਹੋ ਜਾਂਦੇ ਹਨ। ਲੜਾਈ ਵਿੱਚ ਜਦ ਜੂਝਦੇ ਹਨ ਤਾਂ ਫਿਰ ਕਿਆਮਤ ਲਿਆ ਦੇਂਦੇ ਹਨ। ਨਿਸ਼ਾਨਚੀ ਇੰਨੇ ਪੱਕੇ ਹਨ ਕਿ ਇਨ੍ਹਾਂ ਦਾ ਇਸ ਖੇਤਰ ਵਿਚ ਕੋਈ ਸਾਨੀ ਨਹੀਂ। ਮੈਨੂੰ ਇਹ ਕਹਿਣ ਵਿਚ ਕੋਈ ਝਿਜਕ ਮਹਿਸੂਸ ਨਹੀਂ ਹੁੰਦੀ ਕਿ ਮੈਂ ਇਹ ਤਾਂ ਨਹੀਂ ਜਾਣਦਾ ਕਿ ਬੰਦੂਕ ਕਿਸ ਨੇ ਬਣਾਈ ਹੈ ਪਰ ਮੈਂ ਇਹ ਜ਼ਰੂਰ ਜਾਣਦਾ ਹਾਂ ਕਿ ਇਸ ਨੂੰ ਚਲਾਉਣ ਦਾ ਹੁਨਰ ਸਿਰਫ ਸਿੱਖਾਂ ਦੇ ਹੱਥ ਆਇਆ ਹੈ। ਸਾਹਮਣੇ ਵੇਖ ਕੇ ਗੋਲੀ ਚਲਾਉਣ ਅਤੇ ਫਿਰ ਸਹੀ ਨਿਸ਼ਾਨਾ ਫੁੰਡਣਾ ਭਾਵੇਂ ਵੱਡੀ ਗੱਲ ਹੈ ਪਰ ਮੈਂ ਇਸ ਨੂੰ ਇਸ ਲਈ ਬਹੁਤੀ ਅਹਿਮੀਅਤ ਨਹੀਂ ਦਿੰਦਾ ਕਿਉਂਕਿ ਮੈਂ ਸਿੱਖਾਂ ਵਿਚ ਇਸ ਤੋਂ ਕਿਤੇ ਵੱਧ ਨਿਸ਼ਾਨਚੀ ਵੇਖੇ ਹਨ ਜਿਹੜੇ ਹਵਾ ਦੀ ਰਫਤਾਰ ਵਿਚ ਦੌੜਦੇ ਘੋੜਿਆਂ ਤੇ ਸਵਾਰ ਹੁੰਦੇ ਹੋਏ ਬੰਦੂਕ

ਨੂੰ ਆਪਣੀ ਪਿੱਠ ਵੱਲ ਕਰਕੇ, ਪਿਛੋਂ ਆ ਰਹੇ ਦੁਸ਼ਮਣ ਦੇ ਮੂੰਹ ਵਿਚੋਂ ਨਿਕਲੀ ਆਖ਼ਰੀ ਅਵਾਜ਼ ਨੂੰ ਨਿਸ਼ਾਨਾ ਬਣਾ ਕੇ ਅਜਿਹਾ ਵਾਰ ਕਰਦੇ ਹਨ ਕਿ ਦੁਸ਼ਮਣ ਦੀ ਉਹ ਅਵਾਜ਼ ਆਖ਼ਰੀ ਅਵਾਜ਼ ਬਣ ਕੇ ਰਹਿ ਜਾਂਦੀ ਹੈ। ਇਸ ਲਈ ਇਨ੍ਹਾਂ ਨੂੰ ਕੁੱਤਾ ਕਹਿਣਾ ਠੀਕ ਨਹੀਂ ਕਿਉਂਕਿ ਇਹ ਤਾਂ ਰਣ ਦੇ ਸ਼ੇਰ ਹਨ। ਜੇਕਰ ਕਿਸੇ ਨੇ ਜੰਗ ਦੇ ਹੁਨਰ ਦੀ ਤਰਬੀਅਤ ਲੈਣੀ ਹੋਵੇ ਤਾਂ ਉਹ ਜੰਗ ਦੇ ਦਾਅ ਪੇਚ ਇਨ੍ਹਾਂ ਤੋਂ ਹੀ ਸਿੱਖ ਸਕਦਾ ਹੈ। ਭਾਵੇਂ ਰਣ ਵਿਚ ਜੂਝਣ ਲਈ ਇਹ ਸ਼ੇਰ ਹਨ ਫਿਰ ਵੀ ਅਮਨ ਅਮਾਨ ਵੇਲੇ ਇਹ ਦਇਆ ਦੀਆਂ ਮੂਰਤੀਆਂ ਬਣ ਜਾਂਦੇ ਹਨ ਅਤੇ ਸਖ਼ਾਵਤ ਵਿਚ ਹਾਤਮ ਤਾਈਆਂ ਨੂੰ ਪਿਛੇ ਸੁੱਟਦੇ ਹਨ। ਦੌੜੇ ਜਾਂਦੇ ਵੈਰੀ ਨੂੰ ਨਹੀਂ ਮਾਰਦੇ ਸਗੋਂ ਇਤਨੇ ਵੱਡੇ ਮਿਹਰਬਾਨ ਲੋਕ ਹਨ ਕਿ ਜੇ ਦੁਸ਼ਮਣ ਨੇ ਵੀ ਕਦੇ ਆਪਣੇ ਮਜ਼ਲੂਮ ਹੋਣ ਦੀ ਵਾਰਤਾ ਇਨ੍ਹਾਂ ਪਾਸ ਆ ਕੇ ਸੁਣਾਈ ਤਾਂ ਇਹ ਸਭ ਵੈਰ ਵਿਰੋਧ ਭੁੱਲ ਕੇ ਉਸ ਦੀ ਮਦਦ ਲਈ ਵੀ ਰਣ-ਤੱਤੇ ਵਿਚ ਜਾ ਖੰਡਾ ਖੜਕਾਉਂਦੇ ਹਨ।

ਕਾਜ਼ੀ ਨੂਰ ਮੁਹੰਮਦ ਇਹ ਵੀ ਕਹਿੰਦਾ ਹੈ, ਕਿ-

"ਸਿੱਖਾਂ ਨੇ ਚੋਰੀ ਨਹੀਂ ਸਿੱਖੀ ਅਤੇ ਨਾ ਹੀ ਉਹ ਕਿਸੇ ਦੀ ਧੀ ਭੈਣ ਦੀ ਇੱਜ਼ਤ ਨੂੰ ਹੱਥ ਪਾਉਂਦੇ ਹਨ। ਅਜਿਹਾ ਕਰਨਾ ਇਨ੍ਹਾਂ ਨੂੰ ਧਰਮ ਵਲੋਂ ਵਿਵਰਜਤ ਹੈ ਅਤੇ ਹਰ ਸਿੱਖ ਇਸ ਰਹਿਤ ਵਿਚ ਪੂਰਾ ਸੂਰਾ ਹੈ। ਇਖ਼ਲਾਕ ਦੇ ਇਤਨੇ ਉਚੇ ਹਨ ਕਿ ਲੁਟੇਰੇ ਤੇ ਕਾਮੀ ਪੁਰਸ਼ ਦੀ ਇਹ ਸੰਗਤ ਨਹੀਂ ਕਰਦੇ। ਸਚਾਈ ਇਨ੍ਹਾਂ ਦਾ ਧਰਮ ਹੈ ਤੇ ਇਸ ਨੂੰ ਇਹ ਕਦੀ ਵੀ ਹਥੋਂ ਨਹੀਂ ਜਾਣ ਦੇਂਦੇ। ਦੁਸ਼ਮਣ ਦੀਆਂ ਔਰਤਾਂ ਤੇ ਬੱਚਿਆਂ ਨੂੰ ਮਾਰਨਾ ਅਪਰਾਧ ਸਮਝਦੇ ਹਨ, ਸਗੋਂ ਉਨ੍ਹਾਂ ਦੀ ਸੁਰੱਖਿਆ ਲਈ ਯਤਨਸ਼ੀਲ ਰਹਿੰਦੇ ਹਨ।"

ਕਾਜ਼ੀ ਨੂਰ ਮੁਹੰਮਦ ਦੇ ਵਿਚਾਰ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਖੰਡੇ ਦੇ ਅੰਮ੍ਰਿਤਧਾਰੀ ਸਿੰਘ ਧਰਮ ਦੀ ਆਨ ਸ਼ਾਨ ਲਈ ਕਿਸ ਤਰ੍ਹਾਂ ਸੂਰਮਿਆਂ ਵਾਂਗ ਜੰਗਾਂ ਵਿਚ ਜੂਝਦੇ ਰਹੇ ਹਨ ਅਤੇ ਉਚ ਪਾਏ ਦੇ ਇਖ਼ਲਾਕੀ ਜੀਵਨ ਦੇ ਧਾਰਨੀ ਸਨ ਕਿ ਦੁਸ਼ਮਣ ਵੀ ਉਨ੍ਹਾਂ ਦੀ ਤਾਰੀਫ਼ ਕੀਤੇ ਬਿਨਾਂ ਨਹੀਂ ਰਹਿ ਸਕਿਆ। ਇਹ ਠੀਕ ਹੈ ਕਿ ਕਾਜ਼ੀ ਨੇ ਸਿੱਖਾਂ ਦੇ ਉੱਚੇ-ਸੁੱਚੇ ਜੀਵਨ ਦੇ ਕੁਝ ਪੱਖਾਂ ਦੀ ਰੱਜ ਕੇ ਤਾਰੀਫ਼ ਕੀਤੀ ਹੈ, ਜਿਨ੍ਹਾਂ ਦੇ ਉਸ ਨੂੰ ਦਰਸ਼ਨ ਹੋਏ ਹਨ ਪਰ ਸਿੱਖ ਦੀ ਜ਼ਿੰਦਗੀ ਵਿਚ ਇਖ਼ਲਾਕੀ ਉਚਿਤਾ ਤੋਂ ਇਲਾਵਾ ਅਧਿਆਤਮਕ ਉਚਤਾ ਵੀ ਕਮਾਲ ਦਰਜੇ ਦੀ ਹੈ, ਜਿਸ ਨੇ ਉਸ ਨੂੰ ਇਹ ਭਰਵੀਂ ਤੇ ਜ਼ਾਬਤਾ-ਬੱਧ ਜੀਵਨ-ਜਾਚ ਸਿਖਾਈ ਹੈ। ਇਸ ਜ਼ਾਬਤਾ-ਬੱਧ ਤੇ ਉੱਚ ਪਾਏ ਦੇ ਜੀਵਨ ਦੀ ਇਕ ਸੰਖੇਪ ਮਿਸਾਲ ਹੋਰ ਪੇਸ਼ ਹੈ:

ਗੁਰੂ ਕੇ ਬਾਗ ਦੇ ਮੋਰਚੇ ਸਮੇਂ ਗਵਰਨਰ ਪੰਜਾਬ ਨਾਲ ਲੱਗੇ ਵਿਸ਼ੇਸ਼ ਉੱਚ ਅਧਿਕਾਰੀ ਅੰਗਰੇਜ਼ ਵਿਲੀਅਮ ਵਾਰਬਰਟ ਦੀ ਡੀਊਟੀ ਗੁਰੂ ਕੇ ਬਾਗ ਦੇ ਮੋਰਚੇ ਸੰਬੰਧੀ ਗਵਰਨਰ ਨੂੰ ਖ਼ੁਫੀਆ ਰਪੋਟਾਂ ਭੇਜਣਾ ਸੀ। ਉਨ੍ਹਾਂ ਰਪੋਟਾਂ ਵਿਚ ਉਸ ਨੇ ਸਿੱਖ ਧਰਮ ਬਾਰੇ ਸਿਫ਼ਤਾਂ ਦੇ ਪੁਲ ਬੰਨ੍ਹਦਿਆਂ ਹੋਇਆਂ ਲਿਖਿਆ ਹੈ ਕਿ-

"ਨਾ ਕੋ ਬੈਰੀ ਨਹੀ ਬਿਗਾਨਾ,
ਸਗਲ ਸੰਗਿ ਹਮ ਕਉ ਬਨਿ ਆਈ ॥" (ਕਾਨੜਾ ੫ ਪੰਨਾ ੧੨੯੯)

ਦੀ ਭਾਵਨਾ ਸਿੱਖ ਗੁਰੂ ਸਾਹਿਬਾਨ ਨੇ ਸਿੰਘਾਂ ਵਿਚ ਕੁਟ-ਕੁਟ ਕੇ ਭਰੀ ਹੈ। ਵਾਰਬਰਟ ਵਲੋਂ ਆਪਣੀਆਂ ਰਿਪੋਟਾਂ ਵਿਚ ਸਿੱਖਾਂ ਦੀਆਂ ਨਿੱਤ ਨਵੀਆਂ ਤਾਰੀਫਾਂ ਲਿਖਣ ਨਾਲ ਗਵਰਨਰ ਪੰਜਾਬ ਨੂੰ ਬਹੁਤ ਪਰੇਸ਼ਾਨੀ ਹੋਈ ਤੇ ਉਸ ਨੇ ਉਸ ਨੂੰ ਲਾਹੌਰ ਤਲਬ ਕਰਕੇ ਸਿੱਖਾਂ ਦੇ ਹੱਕ ਵਿਚ ਤੇ ਸਿੱਖੀ ਪ੍ਰਤੀ ਬੜੀ ਚੰਗੀ ਅਕੀਦਤ ਵਾਲੀਆਂ ਰਿਪੋਟਾਂ ਭੇਜਣ ਲਈ ਆਪਣੇ ਗੁਸੇ ਦਾ ਪ੍ਰਗਟਾਵਾ ਕੀਤਾ ਪਰ ਗੱਲ ਨੂੰ ਮੁਕਾਂਦਿਆਂ ਹੋਇਆਂ ਸਰ ਵਿਲੀਅਮ ਵਾਰਬਰਟ ਨੇ ਉਸ ਵੇਲੇ ਦੇ ਗਵਰਨਰ ਪੰਜਾਬ ਨੂੰ ਸਿੱਖੀ 'ਤੇ ਅਧਾਰਤ ਸਿੱਖ ਇਖ਼ਲਾਕ ਦੇ ਹਵਾਲੇ ਵਿਚ ਇਹ ਕਿਹਾ ਕਿ ਸਿੱਖ ਇਖ਼ਲਾਕ ਦੇ ਇਤਨੇ ਉੱਚੇ ਸੁੱਚੇ ਤੇ ਮਾਨਵਤਾ ਪ੍ਰਤੀ ਹਮਦਰਦੀ ਤੇ ਅਪਣੱਤ ਰੱਖਣ ਵਾਲੇ ਹਨ ਕਿ ਮੈਂ ਇਨ੍ਹਾਂ ਨਾਲ ਟੱਕਰ ਲੈਂਦਾ ਹੋਇਆ ਵੀ ਆਪਣੇ ਬੀਵੀ ਤੇ ਬੱਚੇ ਇਨ੍ਹਾਂ ਦੀ ਹਫਾਜਤ ਵਿਚ ਬੜੇ ਇਤਮੀਨਾਨ ਨਾਲ ਰੱਖ ਸਕਦਾ ਹਾਂ। ਇਹ ਗੱਲ ਕਿਤਨੀ ਵੱਡੀ ਹੈ ਤੇ ਬਹੁਤੀ ਪੁਰਾਣੀ ਵੀ ਨਹੀਂ ਤੇ ਇਸ ਸਦੀ ਦੇ ਤੀਜੇ ਦਹਾਕੇ ਦੀ ਹੈ।

ਸਿੱਖਾਂ ਦੇ ਧਾਰਮਿਕ ਜਜ਼ਬੇ ਬਾਰੇ ਅਹਿਮਦ ਸ਼ਾਹ ਅਬਦਾਲੀ ਨੇ ਵੀ ਕੁਝ ਆਪਣੇ ਵਿਚਾਰ ਪ੍ਰਗਟ ਕੀਤੇ ਹਨ, ਜਿਹੜੇ ਕੁਝ ਘਟਨਾਵਾਂ ਦੇਖਣ ਉਪਰੰਤ ਉਸ ਦੇ ਮਨ ਵਿਚ ਪੈਦਾ ਹੋਏ। ਉਸ ਨੇ ਵੱਡੇ ਘਲੂਘਾਰੇ ਵਿਚ ਹਜ਼ਾਰਾਂ ਸਿੰਘ ਸ਼ਹੀਦ ਕੀਤੇ ਅਤੇ ਬੜੇ ਸੰਤੋਖ ਤੇ ਅਭਿਮਾਨ ਨਾਲ ਕਿਹਾ, ਕਿ

"ਮੈਂ ਸਿੱਖਾਂ ਦਾ ਸਰਵ-ਨਾਸ਼ ਕਰ ਚਲਿਆ ਹਾਂ।"

ਉਸ ਨੇ ਹਰਿਮੰਦਰ ਸਾਹਿਬ ਨੂੰ ਬਾਰੂਦ ਨਾਲ ਉਡਵਾ ਦਿੱਤਾ, ਪਵਿੱਤਰ ਸਰੋਵਰ ਨੂੰ ਪੂਰ ਦਿੱਤਾ। ਉਸ ਵਿਚ ਗਊਆਂ ਵੱਢ ਕੇ ਸੁਟਵਾਈਆਂ ਅਤੇ ਸਰੋਵਰ ਵਾਲੀ ਥਾਂ 'ਤੇ ਕਣਕ ਬੀਜ ਦਿੱਤੀ ਤੇ ਇਸ ਤਰ੍ਹਾਂ ਜੋ ਕੁਝ ਉਹ ਕਰ ਸਕਦਾ ਸੀ, ਉਸ ਨੇ ਕੀਤਾ।

ਇਤਿਹਾਸ ਦਸਦਾ ਹੈ ਕਿ ਗੁਰੂ ਦੇ ਦੁਲਾਰਿਆਂ ਨੇ ਮਨ ਆਈਆਂ ਕਰਨ ਵਾਲੇ ਅਜਿਹੇ ਜਰਵਾਣੇ ਨੂੰ ਨਾਲ ਦੀ ਨਾਲ ਹੀ ਮਜ਼ਾ ਚਖਾ ਦਿੱਤਾ। ਉਸ ਨੇ ਅਜੇ ਝਨਾਅ ਦਰਿਆ ਵੀ

ਰਹੀਂ ਸੀ ਟੌਪਿਆ ਕਿ ਸਿੱਖਾਂ ਨੇ ਉਸ ਦਾ ਸਭ ਕੁਝ ਖੋਹ ਲਿਆ। ਹਜ਼ਾਰਾਂ ਅਬਲਾ ਲੜਕੀਆਂ ਉਸ ਪਾਸੋਂ ਖੋਹ ਕੇ ਉਨ੍ਹਾਂ ਦੇ ਮਾਪਿਆਂ ਤੱਕ ਪਹੁੰਚਾਈਆਂ। ਸਿੰਘਾਂ ਵਲੋਂ ਕੀਤੇ ਇਸ ਹੱਲੇ ਵਿਚ ਅਹਿਮਦ ਸ਼ਾਹ ਅਬਦਾਲੀ ਦੇ ਲੜਕੇ ਦੀ ਮੌਤ ਹੋਈ। ਅਬਦਾਲੀ ਖ਼ੁਦ ਅਜਿਹਾ ਜ਼ਖਮੀ ਹੋਇਆ ਕਿ ਉਸ ਨੂੰ ਆਪਣੀ ਸੁਧ ਬੁਧ ਨਾ ਰਹੀ। ਸਿੱਖਾਂ ਨੇ ਉਸ ਦੇ ਫੌਜੀ ਪਕੜ ਕੇ ਅੰਮ੍ਰਿਤਸਰ ਲਿਆਂਦੇ। ਉਨ੍ਹਾਂ ਪਾਸੋਂ ਹੀ ਸਰੋਵਰ ਦੀ ਸਫਾਈ ਕਰਵਾਈ ਗਈ ਅਤੇ ਦੋ ਸਾਲ ਦੇ ਅਰਸੇ ਦੇ ਵਿਚ ਹੀ ਦਰਬਾਰ ਸਾਹਿਬ ਦੀ ਇਮਾਰਤ ਨੂੰ ਫਿਰ ਉਸਾਰਿਆ ਗਿਆ ਤੇ ਕਾਰਜ ਦੀ ਸੰਪੂਰਨਤਾ ਉਪਰੰਤ ਸਾਰੇ ਕੈਦੀਆਂ ਨੂੰ ਮਾਫ਼ ਕਰਕੇ ਉਨ੍ਹਾਂ ਦੀ ਜਾਨ ਬਖਸ਼ੀ ਕਰ ਦਿੱਤੀ ਅਤੇ ਉਨ੍ਹਾਂ ਨੂੰ ਆਪਣੇ ਦੇਸ਼ ਪਰਤਣ ਦੀ ਖੁਲ੍ਹ ਦੇ ਦਿੱਤੀ। ਸਿੰਘਾਂ ਦੇ ਇਸ ਸਦਭਾਵਨਾ ਭਰੇ ਵਤੀਰੇ ਦੇਖ ਕੇ ਸਾਰੇ ਧਾੜਵੀ ਕੈਦੀ ਹੈਰਾਨ ਹੋ ਗਏ ਅਤੇ ਕਈ ਇਨ੍ਹਾਂ ਦੇ ਉੱਚੇ ਸੁੱਚੇ ਜੀਵਨ ਤੋਂ ਪ੍ਰਭਾਵਤ ਹੋ ਕੇ ਸਿੰਘ ਸੱਜ ਕੇ ਉਥੇ ਹੀ ਰਹਿਣ ਲੱਗ ਪਏ।

ਜਦ ਅਬਦਾਲੀ ਨੂੰ ਇਹ ਸਾਰਾ ਕੁਝ ਪਤਾ ਲੱਗਿਆ ਤਾਂ ਉਸ ਨੇ ਕਿਹਾ-

"ਸਿੱਖਾਂ ਨੂੰ ਜਿੱਤਣ ਲਈ ਉਸ ਨੂੰ ਉਤਨੀ ਦੇਰ ਤੱਕ ਇੰਤਜ਼ਾਰ ਕਰਨੀ ਪਵੇਗੀ ਜਦ ਤੱਕ ਇਨ੍ਹਾਂ ਦਾ ਧਾਰਮਿਕ ਜਜ਼ਬਾ ਠੰਢਾ ਨਹੀਂ ਪੈ ਜਾਂਦਾ"

ਅਬਦਾਲੀ ਨੂੰ ਇਹ ਸਮਾਂ ਨਸੀਬ ਨਾ ਹੋਇਆ। ਆਖ਼ਰ ਉਸ ਨੂੰ ਹਿੰਦੁਸਤਾਨ ਜਿੱਤਣ ਦੇ ਮਨਸੂਬੇ ਤਰਕ ਕਰਨੇ ਪਏ। ਉਸ ਨੂੰ ਇਸ ਗੱਲ ਦਾ ਅਹਿਸਾਸ ਨਾ ਹੋ ਸਕਿਆ ਕਿ ਦਸਾਂ ਗੁਰੂਆਂ ਦੀ ਅਮਲੀ ਤੇ ਅਧਿਆਤਮਕ ਸਿਖਿਆ ਤੋਂ ਇਲਾਵਾ ਸਿੱਖਾਂ ਦੇ ਵਿਰਸੇ ਵਿਚ ਜੁੱਗੋ ਜੁੱਗ ਅਟਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੀ ਹਨ, ਜੋ ਉਨ੍ਹਾਂ ਨੂੰ ਹਮੇਸ਼ਾਂ-ਹਮੇਸ਼ਾਂ ਲਈ ਧਾਰਮਿਕ ਜੋਜ਼ਬੇ ਤੋਂ ਸਰਸ਼ਾਰ ਕਰੀ ਰੱਖਣਗੇ। ਫਿਰ ਇਹ ਉਡੀਕ ਕਰਨੀ ਕਿ ਸਿੱਖਾਂ ਦਾ ਧਾਰਮਕ ਜਜ਼ਬਾ ਠੰਡਾ ਹੋਣ 'ਤੇ ਹੀ ਕੋਈ ਅਗਲੇਰੀ ਕਾਰਵਾਈ ਕੀਤੀ ਜਾਵੇਗੀ, ਸਿਰਫ ਆਪਣੀ ਹਾਰ ਨੂੰ ਸ਼ਰਮਸਾਰੀ ਤੋਂ ਬਚਾਣ ਦੀ ਹੀ ਗੱਲ ਸੀ। ਸੂਰਜ ਦੀ ਤਪਸ਼ ਤਾਂ ਸਮਾਂ ਪਾ ਕੇ ਠੰਡੀ ਹੋ ਸਕਦੀ ਹੈ ਪਰ ਸਿੱਖ ਦਾ ਧਾਰਮਿਕ ਜਜ਼ਬਾ ਠੰਡਾ ਨਹੀਂ ਪੈ ਸਕਦਾ। ਜਦ ਕਿਸੇ ਨੇ ਵੀ ਇਸ ਜਜ਼ਬੇ ਨੂੰ ਕਿਸੇ ਵੇਲੇ ਅਜ਼ਮਾਇਆ ਹੈ, ਪੂਰਾ ਹੀ ਪਾਇਆ ਹੈ। ਹਵਾਲੇ ਵਜੋਂ ਮਿਸਾਲ ਪੇਸ਼ ਹੈ:

"੧੯੨੧ ਵਿਚ ਹੋਏ ਨਨਕਾਣਾ ਸਾਹਿਬ ਦੇ ਸਾਕੇ ਨੇ ਸਾਰੇ ਸੰਸਾਰ ਵਿਚ ਸ਼ਾਂਤਮਈ ਸਿੱਖਾਂ 'ਤੇ ਹੋਏ ਅਤਿਆਚਾਰਾਂ ਪ੍ਰਤੀ ਚਰਚਾ ਛੇੜ ਦਿੱਤੀ। ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਦਾ ਜਾਪ ਕਰਦੇ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਵਿਚ ਦਾਖਲ ਹੁੰਦਿਆਂ ਹੀ ਸਾਰੇ ਜਥੇ ਨੂੰ ਮਹੰਤ ਨਰੈਣੂ ਤੇ ਉਸ ਵਲੋਂ ਬੁਲਾਏ ਗੁੰਡਿਆਂ ਨੇ ਹਮਲਾ ਕਰ ਦਿੱਤਾ ਪਰ ਸਿੱਖ ਅਡੋਲ ਚਿਤ, ਸ਼ਾਂਤੀ ਦਾ ਪਰਦਰਸ਼ਨ ਕਰਦੇ ਹੋਏ ਸਤਿਨਾਮ ਦਾ ਜਾਪ ਕਰਦੇ-ਕਰਦੇ ਸ਼ਹੀਦ ਹੋਏ। ਕਈਆਂ ਨੂੰ ਭਾਈ ਲਛਮਣ ਸਿੰਘ ਜਥੇਦਾਰ ਦੇ ਨਾਲ ਜ਼ਿੰਦਾ ਅੱਗ ਲਾ ਕੇ

ਸਾੜ ਦਿੱਤਾ ਗਿਆ। ਕਈ ਅੰਗਰੇਜ਼ ਅਧਿਕਾਰੀ ਇਸ ਖ਼ੂਨੀ ਸਾਕੇ ਦਾ ਮੌਕੇ 'ਤੇ ਅਧਿਐਨ ਕਰਨ ਤੇ ਅਮਨ ਸ਼ਾਂਤੀ ਬਣਾਈ ਰੱਖਣ ਲਈ ਨਨਕਾਣਾ ਸਾਹਿਬ ਪਹੁੰਚੇ। ਉਨ੍ਹਾਂ ਵਿਚ ਉਸ ਸਮੇਂ ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰ ਸਰ ਜਿਮ ਵੀ ਸੀ, ਜਿਹੜਾ ਖ਼ੁਦ ਲੇਖਕ ਵੀ ਸੀ। ਸਾਰਾ ਕਾਰਾ ਦੇਖਣ ਤੋਂ ਮਗਰੋਂ ਉਹ ਬਹੁਤ ਜਜ਼ਬਾਤੀ ਹੋ ਗਿਆ ਤੇ ਲਾਹੌਰ ਦੇ ਡੀ.ਸੀ. ਨੂੰ ਉਸ ਨੇ ਕਿਹਾ, ਕਿ "ਇਕ ਯਸੂ ਮਸੀਹ ਦੀ ਬੇਰਹਿਮੀ ਨਾਲ ਹੋਈ ਸ਼ਹਾਦਤ ਬਾਰੇ ਅਸੀਂ ਪੜ੍ਹਿਆ ਸੁਣਿਆ ਹੈ ਅਤੇ ਹਾਲੇ ਤਕ ਹਤਿਆਰਿਆਂ ਨੂੰ ਫਿਟਕਾਰਾਂ ਪਾਉਂਦੇ ਹਾਂ। ਪਰ ਅੱਜ ਮੈਂ ਸੈਕੜੇ ਯਸੂ ਮਸੀਹ ਸੜਦੇ, ਟੁਕੀਂਦੇ, ਭੁੰਨੀਂਦੇ ਤੇ ਬੇਰਹਿਮੀ ਨਾਲ ਕਤਲ ਹੁੰਦੇ ਵੇਖੇ ਹਨ। ਕਿਸੇ ਵੀ ਸ਼ਹੀਦ ਸਿੱਖ ਦੀ ਕੁਰਬਾਨੀ ਵਿਚ ਡਰ ਤੇ ਹਿੰਸਾ ਦੀ ਭਾਵਨਾ ਨਹੀਂ ਸੀ। ਉਹ ਗੁਰੂਆਂ ਵਲੋਂ ਦਰਸਾਏ ਮਾਰਗ ਅਨੁਸਾਰ ਹੀ ਹੱਸ-ਹੱਸ ਕੇ ਜਾਨਾਂ ਵਾਰ ਗਏ ਸਨ। "ਇਸ ਸਾਕੇ ਵਿਚ ਅਤੇ ਜੈਤੋ ਦੇ ਮੋਰਚੇ ਸਮੇਂ ਸਿੱਖਾਂ ਨਾਲ ਅੰਗ੍ਰੇਜ਼ ਵਲੋਂ ਹੋਏ ਬੇਰਹਿਮੀ ਭਰੇ ਵਿਹਾਰ ਨੇ ਦੇਸ਼ ਦੀ ਅਜ਼ਾਦੀ ਦੇ ਘੁਲਾਟੀਏ ਮਹਾਤਮਾ ਗਾਂਧੀ, ਪੰਡਤ ਜਵਾਹਰ ਲਾਲ 'ਨਹਿਰੂ', ਮੋਤੀ ਲਾਲ 'ਨਹਿਰੂ' ਤੇ ਹੋਰ ਬੇ-ਸ਼ੁਮਾਰ ਮਤਵਾਲਿਆਂ ਸਿੰਘਾਂ ਦੀਆਂ ਕੁਰਬਾਨੀਆਂ ਦੀ ਦਾਦ ਦਿੱਤੀ ਅਤੇ ਮਹਾਤਮਾ ਗਾਂਧੀ ਨੇ ਸਿੱਖਾਂ ਦੇ ਅਤਿ ਉਚੇ ਜ਼ਾਬਤੇ ਤੇ ਤਸ਼ੱਦਦ ਜਰਨ ਦੀ ਅਮਲੀ ਸ਼ਕਤੀ ਨੂੰ ਦੇਖਦਿਆਂ ਹੋਇਆਂ ਇਨ੍ਹਾਂ ਨੂੰ ਬਹੁਤ ਸਲਾਹਿਆ ਅਤੇ ਇਹ ਵੀ ਕਿਹਾ, ਕਿ "ਸਿੱਖ ਭਾਰਤ ਰੂਪੀ ਗੁਰਦੁਆਰੇ ਨੂੰ ਅੰਗਰੇਜ਼ੀ ਰੂਪੀ ਮਹੰਤ ਪਾਸੋਂ ਸੁਤੰਤਰ ਕਰਵਾਉਣ ਲਈ ਵੀ ਅੱਗੇ ਵਧਣ !" ਮਹਾਤਮਾ ਗਾਂਧੀ ਦੀ ਆਵਾਜ਼ ਨੂੰ ਫੁਲ ਚੜ੍ਹਾਉਣ ਲਈ ਸਿੰਘਾਂ ਨੇ ਜੰਗੇ ਆਜ਼ਾਦੀ ਵਿਚ ਸ਼ਾਂਤਮਈ, ਕੁਰਬਾਨੀਆਂ ਦੀ ਝੜੀ ਲਗਾ ਦਿਤੀ ਜਿਸ 'ਤੇ ਸਾਰਾ ਦੇਸ਼ ਮਾਣ ਕਰਦਾ ਹੈ।

ਸੰਸਾਰ ਵਿਚ ਕੁਝ ਅਜਿਹੀਆਂ ਮਹਾਨ ਹਸਤੀਆਂ ਹੁੰਦੀਆਂ ਹਨ ਜਿਨ੍ਹਾਂ ਦੀ ਕਦਰੋਂ ਮੰਜ਼ਿਲਤ ਭੂਗੋਲਿਕ ਅਤੇ ਸਮਾਜਕ ਹੱਦਾਂ ਦੀ ਮੁਥਾਜ ਨਹੀਂ ਰਹਿੰਦੀ। ਇਸ ਤਰ੍ਹਾਂ ਦੀ ਇਕ ਹਸਤੀ ਅਮਰੀਕਾ ਦੇ ਇਕ ਖੋਜੀ ਸ੍ਰੀ ਤਿਆਨਬੀ ਦੀ ਸੀ। ਜਿਹੜਾ ਮਾਨਵਤਾ ਬਾਰੇ ਵੀਹਵੀਂ ਸਦੀ ਦਾ ਇਕੋ ਇਕ ਲੋਕ ਪ੍ਰਿਯ ਲੇਖਕ ਕਿਹਾ ਜਾ ਸਕਦਾ ਹੈ। ਉਸ ਨੇ ਸਾਰੀ ਮਨੁੱਖਤਾ ਦਾ ਜਿਹੜਾ ਇਤਿਹਾਸ ੨੦ ਜਿਲਦਾਂ ਵਿਚ ਲਿਖਿਆ, ਉਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਵਡਤਣ ਭਰਪੂਰ ਸਖਸ਼ੀਅਤ ਦਾ ਧਾਰਨੀ ਦੱਸਿਆ ਅਤੇ ਬੜੇ ਮਾਣ ਨਾਲ ਇਹ ਲਿਖਿਆ ਕਿ ਗੁਰੂ ਗੋਬਿੰਦ ਸਿੰਘ ਜੀ ਵਲੋਂ ਜਿਸ ਖਾਲਸੇ ਦੀ ਸਿਰਜਨਾ ਕੀਤੀ ਗਈ ਹੈ, ਉਸ ਤੋਂ ਵਧ ਸ਼ੁਧ ਇਨਸਾਨ ਹੋਣਾ ਇਕ ਬਹੁਤ ਵੱਡੀ ਅਤਿ ਕਥਨੀ ਹੋਵੇਗੀ।

ਜਦ ਸੰਸਾਰ ਦੀ ਕੇਂਦਰੀ ਜਮਾਤ ਯੂ.ਐਨ.ਓ. ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਮਹਾਨ ਉਪਦੇਸ਼ਾਂ ਬਾਰੇ ਸੋਝੀ ਹੋਈ ਤਾਂ ਉਨ੍ਹਾਂ ਨੇ ਇਸ ਵਿਚੋਂ ਚੀਦਾ ਚੀਦਾ ਬਾਣੀਆਂ ਦਾ ਅੰਗਰੇਜ਼ੀ ਅਤੇ ਹੋਰ ਭਾਸ਼ਾਵਾਂ ਵਿਚ ਅਨੁਵਾਦ ਕਰਵਾਇਆ ਜਦ ਇਹ ਸੰਖੇਪ ਗ੍ਰੰਥ ਆਪਣਾ ਸਰੂਪ ਧਾਰ ਚੁੱਕਾ ਤਾਂ ਉਸ ਦੇ ਮੁਖ ਬੰਦ ਨੂੰ ਲਿਖਣ ਲਈ ਉਨ੍ਹਾਂ ਨੂੰ ਮਿਸਟਰ ਤਿਆਨਬੀ ਤੋਂ

ਦਿਲਾਵਾ ਹੋਰ ਕੋਈ ਨਾ ਦਿਸਿਆ। ਤਿਆਨਬੀ ਨੇ ਮੁਖ ਬੰਦ ਲਿਖਣਾ ਸਵੀਕਾਰ ਕੀਤਾ ਅਤੇ ਉਸ ਵਿਚ ਹੋਰ ਗੱਲਾਂ ਦੇ ਨਾਲ-ਨਾਲ ਇਸ ਗੱਲ ਨੂੰ ਵਿਸ਼ੇਸ਼ ਤੌਰ 'ਤੇ ਸਲਾਹਿਆ ਕਿ ਗੁਰੂ ਗ੍ਰੰਥ ਸਾਹਿਬ ਜੀ ਸਾਨੂੰ ਇਕ ਨਵਾਂ ਮਾਰਗ ਦਸਦੇ ਹਨ ਅਤੇ ਉਹ ਹੈ 'ਨਾਮ ਮਾਰਗ' ਜਿਸ ਵਿਚ ਕਰਮ ਮਾਰਗ, ਭਗਤੀ ਮਾਰਗ ਤੇ ਗਿਆਨ ਮਾਰਗ ਦੇ ਸਭ ਗੁਣ ਹੋਣ ਦੇ ਬਾਵਜੂਦ ਅਕਾਲ ਪੁਰਖ ਨੂੰ ਸ਼ਬਦ ਅਤੇ ਨਾਮ ਰੂਪ ਵਿਚ ਹੀ ਕਲਪਤ ਕੀਤਾ ਗਿਆ ਹੈ। ਉਸ ਨੇ ਇਹ ਵੀ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਅਧਿਆਤਮਕ ਫਿਲਾਸਫ਼ੀ ਪਰਮ ਸਰੇਸ਼ਟ ਹੈ, ਜਿਹੜੀ ਇਨਸਾਨ ਨੂੰ ਅਮਲੀ ਜੀਵਨ ਸਿਖਾਉਂਦਿਆਂ ਹੋਇਆਂ ਉਸ ਨੂੰ ਅਕਾਲ ਪੁਰਖ ਵਿਚ ਲੀਨ ਵੀ ਰੱਖਦੀ ਹੈ। ਗੁਰੂ ਦਾ ਸਿੱਖ ਸੰਨਿਆਸੀ ਵੀ ਹੈ ਤੇ ਸੰਸਾਰੀ ਵੀ। ਉਹ ਇਨ੍ਹਾਂ ਦੋਹਾਂ ਤੱਤਾਂ ਦਾ ਸੁਮੇਲ ਹੈ ਅਤੇ ਸੰਸਾਰ ਵਿਚ ਰਹਿ ਕੇ ਉਚੇਰੇ ਪੱਧਰ 'ਤੇ ਜੀਵਨ ਲਈ ਜੱਦੋ-ਜ਼ਹਿਦ ਕਰਦਾ ਹੈ ਅਤੇ ਨਾਲ- ਨਾਲ ਆਪਣੇ ਅਧਿਆਤਮਕ ਲਕਸ਼ ਦੀ ਪ੍ਰਾਪਤੀ ਲਈ ਵੀ ਪ੍ਰਯਤਨਸ਼ੀਲ ਰਹਿੰਦਾ ਹੈ।

ਤਿਆਨਬੀ ਦੀ ਸਿੱਖ ਧਰਮ ਪ੍ਰਤੀ ਚੰਗੀ ਧਾਰਨਾ ਦਾ ਅਨੁਮਾਨ ਇਸ ਗੱਲ ਤੋਂ ਵੀ ਲਗਾਇਆ ਜਾ ਸਕਦਾ ਹੈ, ਜਿਹੜੀ ਉਸ ਚਰਚਾ ਵਿਚੋਂ ਨਿਕਲਦੀ ਹੈ ਜੋ ਤਿਆਨਬੀ ਤੇ ਇਕ ਅਮਰੀਕਨ ਔਰਤ ਵਿਚਕਾਰ ਹੋਈ। ਅਮਰੀਕਨ ਔਰਤ ਨੇ ਤਿਆਨਬੀ ਤੋਂ ਪੁੱਛਿਆ ਕਿ ਤੁਸੀਂ ਸਾਰੇ ਸੰਸਾਰ ਦੇ ਲੋਕਾਂ ਬਾਰੇ ਲਿਖਿਆ ਹੈ। ਇਕ-ਇਕ ਫਿਰਕੇ ਤੇ ਜ਼ਾਤ ਦੇ ਬੰਦਿਆਂ ਨੂੰ ਮਿਲੇ ਹੋ, ਉਨ੍ਹਾਂ ਦੀਆਂ ਰਹੁ-ਰੀਤੀਆਂ ਤੇ ਧਾਰਮਿਕ ਫਲਸਫੇ ਨੂੰ ਜਾਣਿਆਂ ਹੈ, ਭਾਂਪਿਆ ਹੈ, ਸੋਚਿਆ ਹੈ ਤੇ ਕਲਮ-ਬੰਦ ਕੀਤਾ ਹੈ। ਇਸ ਲਈ ਆਪਣੇ ਇਸ ਤਜਰਬੇ ਦੇ ਅਧਾਰ 'ਤੇ ਕੀ ਤੁਸੀਂ ਮੈਨੂੰ ਇਹ ਦਸ ਕਰਦੇ ਹੋ ਕਿ ਦੁਨੀਆਂ ਵਿਚ ਸਭ ਤੋਂ ਸੋਹਣਾ ਮਨੁੱਖ ਕੌਣ ਹੈ ? ਤਿਆਨਬੀ ਨੇ ਪਟਕ ਜਵਾਬ ਦਿੱਤਾ 'ਖੁਲ੍ਹੀ ਦਾਹੜੀ ਵਾਲਾ ਪੂਰਨ ਗੁਰਸਿੱਖ'। ਔਰਤ ਸੁਣ ਕੇ ਹੈਰਾਨ ਰਹਿ ਗਈ। ਉਸ ਦੀ ਵਿਚਾਰ-ਸੰਗਲੀ ਵਿਚ ਫ਼ਿਰ ਸੁਆਲ ਉਤਪੰਨ ਹੋਇਆ ਕਿ ਇਹ ਤਾਂ ਚਲੋ ਠੀਕ ਹੈ ਪਰ ਲਗਦੇ ਹੱਥੀਂ ਇਹ ਵੀ ਦਸ ਦਿਉ ਕਿ ਦੁਨੀਆਂ ਵਿਚ ਸਭ ਤੋਂ ਬਦਸੂਰਤ ਇਨਸਾਨ ਕਿਹੜਾ ਹੈ ? ਤਾਂ ਉਸ ਨੇ ਪਹਿਲੇ ਜਵਾਬ ਵਿਚ ਥੋੜ੍ਹੀ ਜਿਹੀ ਤਬਦੀਲੀ ਕਰਕੇ ਉਤਰ ਦਿੱਤਾ, 'ਉਹ ਸਿੱਖ, ਜਿਸ ਨੇ ਰੋਮਾਂ ਦੀ ਬੇਅਦਬੀ ਕੀਤੀ।'

ਆਵਾਜਾਈ, ਸੰਚਾਰ ਅਤੇ ਛਾਪੇਖਾਨੇ ਦੇ ਪਸਾਰ ਅਤੇ ਪਰਸਪਰ ਸੰਪਰਕ ਕਾਰਨ ਦਸ ਗੁਰੂ ਸਾਹਿਬਾਨ ਅਤੇ ਸਿੱਖ ਫਲਸਫੇ ਬਾਰੇ ਹੁਣ ਬਿਦੇਸ਼ੀ ਭਾਸ਼ਾਵਾਂ ਵਿਚ ਵੀ ਲਿਖਤਾਂ ਉਪਲਬਧ ਹੋ ਜਾਣ ਕਰਕੇ ਭਾਰਤ ਤੋਂ ਬਾਹਰਲੀ ਦੁਨੀਆਂ ਵਿਚ ਵੀ ਸਿੱਖੀ ਬਾਰੇ ਸੋਝੀ ਵਧ ਰਹੀ ਹੈ। ਅਮਰੀਕਾ ਵਿਚ ਭਾਈ ਸਾਹਿਬ ਹਰਭਜਨ ਸਿੰਘ ਜੀ ਯੋਗੀ ਦੇ ਉਦਮਾਂ ਨਾਲ ਲੱਗ-ਪੱਗ ਢਾਈ ਲੱਖ ਅਮਰੀਕਨ ਸਿੰਘ ਸਜ ਚੁਕੇ ਹਨ ਅਤੇ ਉਨ੍ਹਾਂ ਵਲੋਂ ਪੂਰੀ ਬਕਾਇਦਗੀ ਨਾਲ ਸਿੱਖ ਪਰਚਾਰ ਮੁਹਿੰਮ ਜਾਰੀ ਹੈ। ਵੱਖ-ਵੱਖ ਪੱਛਮੀ ਵਿਦਵਾਨਾਂ ਤੇ ਦਾਰਸ਼ਨਿਕਾਂ ਨੇ ਸਿੱਖ ਧਰਮ

ਦਾ ਅਧਿਐਨ ਕਰਨ ਉਪਰੰਤ ਆਪਣੇ ਵਿਚਾਰ ਇਸ ਤਰ੍ਹਾਂ ਪ੍ਰਗਟ ਕੀਤੇ ਹਨ:

੧- ਸ੍ਰੀ ਐਚ.ਐਲ.ਬਰਾਡਸ਼ਾਹ, ਸਿੱਖ ਧਰਮ ਬਾਰੇ ਲਿਖਦਿਆਂ ਹੋਇਆਂ ਕਹਿੰਦੇ ਹਨ-'ਇਹ ਧਰਮ ਸਾਇੰਸ ਦੀ ਕਸਵਟੀ ਉਤੇ ਵੀ ਪੂਰਾ ਉਤਰਦਾ ਹੈ, ਇਸ ਲਈ ਭਵਿੱਖ ਦੇ ਮਨੁੱਖ ਲਈ ਸਿੱਖ ਧਰਮ ਹੀ ਆਖਰੀ ਆਸ ਤੇ ਸਹਾਰਾ ਹੋਵੇਗਾ।'

੨- ਲੇਡੀ ਡਰੋਪਟੀ ਫ਼ੀਲਡ 'ਰਿਲੀਜ਼ਨ ਆਫ ਸਿਖਸ' ਨਾਮੀ ਪੁਸਤਕ ਵਿਚ ਲਿਖਦੀ ਹੈ ਕਿ-ਪੱਛਮ ਵਿਚ ਰਹਿੰਦੇ ਅਮਲੀ ਕਿਸਮ ਦੇ ਲੋਕਾਂ ਨੂੰ ਸਿੱਖ ਧਰਮ ਦੀ ਭਰਪੂਰ ਸ਼ਲਾਘਾ ਕਰਨੀ ਚਾਹੀਦੀ ਹੈ, ਕਿਉਂਕਿ ਇਸ ਵਿਚ ਹੋਰ ਗੱਲਾਂ ਦੇ ਨਾਲ-ਨਾਲ ਅਮਲੀ ਜੀਵਨ ਉਤੇ ਬਹੁਤ ਜ਼ੋਰ ਦਿੱਤਾ ਗਿਆ ਹੈ।

੩- ਇੰਗਲੈਂਡ ਦੇ ਸੁਪ੍ਰਸਿਧ ਦਾਰਸ਼ਨਿਕ ਸਵਰਗਵਾਸੀ ਰੱਸਲ ਲਿਖਦੇ ਹਨ, ਕਿ-"ਜੇਕਰ ਐਟਮ ਤੋਂ, ਹਾਈਡਰੋਜਨ ਬੰਬਾਂ ਦੀ ਮਾਰ ਤੋਂ ਕੋਈ ਖੁਸ਼ ਕਿਸਮਤ ਇਨਸਾਨ ਬਚ ਨਿਕਲੇ ਤਾਂ ਉਨ੍ਹਾਂ ਨੂੰ ਸੇਧ ਦੇਣ ਲਈ ਸਿੱਖ ਧਰਮ ਇਕੋ ਇਕ ਵਸੀਲਾ ਹੋਵੇਗਾ।" ਸ੍ਰੀ ਰਸਲ ਤੋਂ ਇਹ ਵੀ ਪੁਛਿਆ ਗਿਆ ਕਿ ਤੀਜੀ ਜੰਗ ਤੋਂ ਮਗਰੋਂ ਦੀ ਗੱਲ ਕਰਦੇ ਹੋ? ਕੀ ਇਹ ਧਰਮ ਤੀਜੀ ਜੰਗ ਤੋਂ ਪਹਿਲਾਂ ਕੁਝ ਅਗਵਾਈ ਨਹੀਂ ਕਰ ਸਕਦਾ? ਜਵਾਬ ਵਿਚ ਸ੍ਰੀ ਰਸਲ ਨੇ ਇਹੀ ਕਿਹਾ, "ਕਰ ਸਕਦਾ ਹੈ ਪਰ ਸਿੱਖਾਂ ਨੇ ਇਸ ਧਰਮ ਦੇ ਬਿਹਤਰੀਨ ਅਸੂਲਾਂ ਨੂੰ ਜਿਹੜੇ ਸਾਰੀ ਮਾਨਵਤਾ ਲਈ ਹੀ ਸ਼ਾਇਦ ਹੋਂਦ ਵਿਚ ਆਏ ਹਨ, ਹਵਾ ਹੀ ਨਹੀਂ ਲਗਵਾਈ।"

੪- ਅੰਗਰੇਜ਼ਾਂ ਨੇ ਆਪਣੇ ਰਾਜ ਸਮੇਂ ਸਿੱਖ ਧਰਮ ਦਾ ਗਹਿਰਾ ਅਧਿਐਨ ਕੀਤਾ ਤੇ ਮਹਿਸੂਸ ਕੀਤਾ ਕਿ ਇਹ ਫਲਸਫ਼ਾ ਇਨਸਾਨੀ ਜ਼ਿੰਦਗੀ ਨੂੰ ਬੜਾ ਹੀ ਸੰਤੁਲਤ ਆਤਮਕ, ਸਮਾਜਕ ਤੇ ਭਾਈਚਾਰਕ ਜੀਵਨ ਪ੍ਰਦਾਨ ਕਰਦਾ ਹੈ। ਇਸ ਲਈ ਕੋਸ਼ਿਸ਼ ਕੀਤੀ ਜਾਵੇ ਕਿ ਅਨਪੜ੍ਹ ਸਿੱਖਾਂ ਤੇ ਹੋਰ ਲੋਕਾਂ ਵਿਚ ਇਸ ਦੇ ਸਹੀ ਤੱਥਾਂ ਦੀ ਥਾਂ ਤੇ ਅਜਿਹੇ ਤਥ-ਤਰੋੜ ਕੇ ਪੇਸ਼ ਕੀਤੇ ਜਾਣ ਕਿ ਇਨ੍ਹਾਂ ਦੀ ਕੋਈ ਉਘੜਵੀਂ ਤਸਵੀਰ ਨਾ ਬਣ ਸਕੇ। ਇਸ ਕੰਮ ਲਈ ਮਿਸ ਮੇਰੀ ਨਾਮੀ ਗੋਰੀ ਇਸਤਰੀ ਨੂੰ ਚੁਣਿਆ ਗਿਆ। ਜਿਸ ਦੇ ਜ਼ੁੰਮੇ ਇਹ ਡਿਊਟੀ ਲਾਈ ਗਈ ਕਿ ਉਹ ਗੁਰਬਾਣੀ ਦੇ ਤਥਾਂ ਨੂੰ ਤਰੋੜ-ਮਰੋੜ ਕੇ ਪੇਸ਼ ਕਰੇ। ਜਦ ਮਿਸ ਮੇਰੀ ਨੇ ਗਹੁ ਨਾਲ ਸਿੱਖ ਧਰਮ ਦਾ ਅਧਿਐਨ ਕੀਤਾ ਤਾਂ ਉਹ ਇਤਨੀ ਪ੍ਰੇਰਤ ਹੋਈ ਕਿ ਖੁਦ ਸਿੰਘ ਸਜ ਗਈ।

੫- ਹਰਿਆਣੇ ਦੇ ਪ੍ਰਸਿਧ ਸਾਇੰਸਦਾਨ ਪ੍ਰੋ: ਓ.ਪੀ.ਕਉਲ ਨੇ ਸਿੱਖੀ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਸੀ ਕਿ ਸਿੱਖੀ ਸਰੂਪ ਚੁਪ-ਚਪੀਤੇ ਤੇ ਲੁਕ-ਛਿਪ ਕੇ ਧਾਰਨ ਨਹੀਂ ਕੀਤਾ ਜਾ ਸਕਦਾ, ਕਿਉਂਕਿ ਇਹ ਬਾਣਾ ਤੇ ਬਾਣੀ ਉਸ ਨੂੰ ਅਕਾਲ ਪੁਰਖ ਦਾ

ਸਿਪਾਹੀ ਤੇ ਉਪਾਸ਼ਕ ਬਣਾਉਂਦੇ ਹਨ, ਜਿਸ ਕਰਕੇ ਉਹ ਖ਼ੁਦ ਕਿਸੇ ਨਾਲ ਧੱਕਾ ਨਹੀਂ ਕਰਦਾ ਤੇ ਨਾ ਹੀ ਕਿਸੇ ਉਤੇ ਹੁੰਦਾ ਜਬਰ ਸਹਿਨ ਕਰ ਸਕਦਾ ਹੈ।

੬- ਖ਼ੁਦ ਹਿੰਦੁਸਤਾਨ ਵਿਚ ਟੈਗੋਰ ਪਰਵਾਰ ਨੇ ਸਿੱਖ ਧਰਮ ਦੇ ਅਧਿਐਨ ਮਗਰੋਂ ਆਪਣੇ ਜੀਵਨ ਨੂੰ ਇਸ ਤਰ੍ਹਾਂ ਢਾਲਿਆ ਕਿ ਉਸ ਵਿਚੋਂ ਸਿੱਖ ਧਰਮ ਦੇ ਬਿਹਤਰੀਨ ਅਸੂਲਾਂ ਦੀ ਖ਼ੁਸ਼ਬੂ ਆਉਣ ਲੱਗ ਪਈ। ਭਾਰਤ ਵਿਚ ਸਾਹਿਤ ਦੇ ਇਕੋ ਇਕ ਨੋਬਲ ਪੁਰਸਕਾਰ ਜੇਤੂ ਸ੍ਰੀ ਰਬਿੰਦਰ ਨਾਥ ਜੀ ਟੈਗੋਰ ਤੇ ਉਹਨਾਂ ਦੇ ਪੂਜਜ ਪਿਤਾ ਜੀ ਗੁਰਬਾਣੀ ਕੀਰਤਨ ਦੇ ਉਪਾਸ਼ਕ ਸਨ। ਬੰਗਾਲ ਦੇ ਇਕ ਹੋਰ ਉੱਚ ਕੋਟੀ ਦੇ ਲੇਖਕ ਜਨਿੰਦਰ ਮੋਹਨ ਨੇ ਜਪੁਜੀ ਸਾਹਿਬ ਦਾ ਡੂੰਘਾ ਅਧਿਐਨ ਕੀਤਾ ਤੇ ਉਸਦਾ ਬੰਗਾਲੀ ਵਿਚ ਅਨੁਵਾਦ ਕਰਨ ਉਪਰੰਤ ਉਸ ਨੂੰ 'ਗਣਗੀਤਾ' ਭਾਵ ਲੋਕਾਂ ਦੀ ਗੀਤਾ ਕਹਿ ਕੇ ਸਨਮਾਨਿਆ। ਜਪੁਜੀ ਸਾਹਿਬ ਬਾਰੇ ਆਪਣੀ ਟਿੱਪਣੀ ਦੇਂਦਿਆਂ ਹੋਇਆਂ ਉਸ ਨੇ ਕਿਹਾ ਸੀ ਕਿ "ਜਪੁਜੀ ਸਾਹਿਬ ਨੂੰ ਲੋਕਾਂ ਤਕ ਪਹੁੰਚਾਇਆ ਜਾਵੇ ਤਾਂ ਦੇਸ਼ ਵਿਚ ਇਕ ਨਵਾਂ ਆਤਮਿਕ ਇਨਕਲਾਬ ਆ ਜਾਵੇਗਾ।"

ਇਸੇ ਤਰ੍ਹਾਂ ਵਿਜੇ ਕ੍ਰਿਸ਼ਨ ਗੋਸ੍ਵਾਮੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ 'ਭਗਤੀ ਦੀ ਸਭ ਤੋਂ ਮਹਾਨ ਕਿਰਤ' ਕਹਿ ਕੇ ਆਪਣੀ ਸ਼ਰਧਾ ਪ੍ਰਗਟਾਈ ਹੈ।

ਕੁਝ ਚਿਰ ਹੋਏ ਸ੍ਰੀ ਬੀ.ਐਸ.ਮੂਰਥੀ ਨੇ ਇਕ ਪੁਸਤਕ 'ਅਪਰੈਸਡ ਐਂਡ ਡੀਪਰੈਸਡ' ਲਿਖੀ ਹੈ, ਜਿਸ ਵਿਚ ਉਨ੍ਹਾਂ ਨੇ ਦਲਤ ਵਰਗ ਦੀਆਂ ਸਮੱਸਿਆਵਾਂ ਦਾ ਭਰਵਾਂ ਜ਼ਿਕਰ ਕੀਤਾ ਹੈ ਅਤੇ ਆਖਰ ਵਿਚ ਹਰੀਜ਼ਨਾਂ ਨੂੰ ਇਹ ਸੁਝਾ ਦਿੱਤਾ ਹੈ, ਕਿ-

"ਜੇਕਰ ਉਹਨਾਂ ਨੇ ਮਾਣ, ਇੱਜ਼ਤ ਤੇ ਸੰਤੁਲਤ ਭਾਈਚਾਰੇ ਵਾਲਾ ਜੀਵਨ ਜੀਣਾ ਹੈ ਤਾਂ ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ਿਸ਼-ਖੰਡੇ ਦਾ ਅੰਮ੍ਰਿਤ ਛਕ ਕੇ ਸਿੰਘ ਸਜ ਜਾਣ, ਇਸ ਤਰ੍ਹਾਂ ਉਹ ਸਦੀਆਂ ਤੋਂ ਚਲੀ ਆ ਰਹੀ ਊਚ-ਨੀਚ ਦੀ ਬੀਮਾਰੀ ਤੋਂ ਬਚ ਜਾਣਗੇ।"

ਸ਼ਾਇਦ ਗੁਰਸਿੱਖੀ ਦੇ ਇਨ੍ਹਾਂ ਗੁਣਾਂ ਕਾਰਨ ਹੀ ਹਰੀਜਨ ਲੀਡਰ ਸ੍ਰੀ ਅੰਬੇਦਕਰ ਸਿੰਘ ਸਜਣ ਲਈ ਤਿਆਰ ਹੋ ਗਏ ਸਨ।

ਗੈਰ ਸਿੱਖਾਂ ਵਲੋਂ ਪ੍ਰਗਟਾਏ ਅਜਿਹੇ ਭਾਵ-ਪੂਰਤ ਸ਼ਬਦਾਂ ਵਲ ਧਿਆਨ ਦੇਣ ਤੇ ਇਸ ਗੱਲ ਦਾ ਅਹਿਸਾਸ ਹੋ ਜਾਣਾ ਚਾਹੀਦਾ ਹੈ ਕਿ ਸਿੱਖੀ ਇਕ ਅਜਿਹਾ ਧਰਮ ਹੈ ਜੇਹੜਾ ਸਾਰੀ ਮਨੁੱਖਤਾ ਲਈ ਹੈ। ਸਿੱਖ ਦੀ ਅਰਦਾਸ ਵਿਚ 'ਸਰਬੱਤ ਦੇ ਭਲੇ' ਦੀ ਗੱਲ ਹੁੰਦੀ ਹੈ ਤੇ ਉਸ ਵਿੱਚ ਫਿਰਕਾ-ਪ੍ਰਸਤੀ ਦੀ ਭਾਵਨਾ ਬਿਲਕੁਲ ਨਹੀਂ ਹੁੰਦੀ। ਉਹ ਅਕਾਲ ਪੁਰਖ ਦੀ ਬਖਸ਼ਸ਼ ਦਾ ਚਾਹਵਾਨ ਹੈ, ਸੇਵਾ ਤੇ ਨਾਮ ਸਿਮਰਨ ਉਸ ਦੇ ਜੀਵਨ ਦਾ ਲਕਸ਼ ਹੈ। ਦੁਨੀਆਂ ਵਿਚ ਵਿਚਰਦਿਆਂ ਹੋਇਆਂ ਨੇਕੀ ਦੀ ਕਾਰ ਕਰਨਾ ਉਸ ਦਾ ਮਨੋਰਥ ਹੈ ਅਤੇ ਉਸ ਨੂੰ ਸਮੇ-ਸਮੇਂ

ਅਤੇ ਹਰ ਸਮੇਂ ਅਗਵਾਈ ਦੇਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਕਾਇਮ ਹੈ, ਜਿਸ ਬਾਰੇ ਭਾਰਤ ਦੇ ਨਾਮਵਰ ਦਾਰਸ਼ਨਕ ਸਾਬਕਾ ਰਾਸ਼ਟਰਪਤੀ ਸੁਰਗੀ ਡਾ: ਰਾਧਾ ਕ੍ਰਿਸ਼ਨਨ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਮੇਰਾਜਿ-ਅਕੀਦਤ ਵਜੋਂ ਇਹ ਸ਼ਬਦ ਕਹੇ ਕਿ-"ਸ੍ਰੀ ਗੁਰੂ ਗ੍ਰੰਥ ਸਾਹਿਬ ਸਾਰੇ ਅਵਤਾਰਾਂ ਅਤੇ ਮਹਾਨ ਆਤਮਾਵਾਂ ਦੀ ਜੀਉਂਦੀ-ਜਾਗਦੀ ਆਵਾਜ਼ ਹੈ।"

ਗੈਰ ਸਿੱਖਾਂ ਵਲੋਂ ਸਿੱਖੀ ਤੇ ਸਿੱਖ ਗੁਰੂ ਸਾਹਿਬਾਨ ਬਾਰੇ ਇਤਨੇ ਸ਼ਰਧਾ-ਮਈ ਸ਼ਬਦ ਪੜ੍ਹਨ ਉਪਰੰਤ ਹਰ ਪਾਠਕ ਦੇ ਮਨ ਵਿਚ ਇਸ ਇੱਛਾ ਦਾ ਪਰਗਟ ਹੋਣਾ ਇਕ ਸੁਭਾਵਕ ਗੱਲ ਹੈ। ਸੰਖੇਪ ਵਿਚ ਉਹਨਾਂ ਗੁਣਾਂ ਦਾ ਵਰਣਨ ਵੀ ਇਥੇ ਕਰ ਦਿੱਤਾ ਜਾਵੇ, ਜਿਹੜੇ ਦਸ ਗੁਰੂ ਸਾਹਿਬਾਨ ੨੩੯ ਸਾਲ ਦੇ ਅਮਲੀ ਜੀਵਨ ਦੁਆਰਾ ਸਿੱਖ ਨੂੰ ਦ੍ਰਿੜ ਕਰਵਾਏ ਹਨ।

ਅਕਾਲ ਪੁਰਖ ਦੀ ਮਿਹਰ ਸਦਕਾ ਗੁਰੂ ਨਾਨਕ ਦੇਵ ਜੀ ਪੰਦਰਵੀਂ ਸਦੀ ਦੇ ਦੂਜੇ ਅੱਧ ਵਿਚ ਇਕ ਗੀਤ ਦੀ ਤਰ੍ਹਾਂ ਇਸ ਸੰਸਾਰ ਵਿਚ ਪਧਾਰੇ ਤੇ ਮਿੱਠੇ ਬੋਲਾਂ ਨਾਲ ਲੋਕਾਂ ਦੇ ਹਿਰਦਿਆਂ ਨੂੰ ਸਵੱਛ ਕੀਤਾ ਤੇ ਮਨਾਂ ਦੀ ਮੈਲ ਧੋ ਦਿੱਤੀ। ਉਹਨਾਂ ਦਾ ਸਰਬ-ਮਾਨਵੀ ਮਿਸ਼ਨ ਇਕ ਫੁੱਲ ਦੀ ਭਾਂਤੀ ਸੰਸਾਰ ਵਿਚ ਖਿੜਿਆ, ਜਿਸ ਨੇ ਵਾਤਾਵਰਣ ਨੂੰ ਨਿਰਮਲ ਤੇ ਖੁਸ਼ਬੂਦਾਰ ਕਰ ਦਿੱਤਾ। ਉਹਨਾਂ ਨੇ ਆਪਣੇ ਬੋਲਾਂ ਤੇ ਮਧੁਰ, ਪੁਰ-ਦਲੀਲ ਬਚਨਾਂ ਦੁਆਰਾ ਲੋਕਾਂ ਦਾ ਮੂੰਹ ਦੇਵੀ-ਦੇਵਤਿਆਂ, ਭਰਮਾਂ-ਵਹਿਮਾਂ ਤੋਂ ਭੰਵਾ ਕੇ ਅਕਾਲ-ਪੁਰਖ ਵਲ ਕਰਨ ਦਾ ਲਾ-ਮਿਸਾਲ ਕਾਰਨਾਮਾ ਸਰਇੰਜਾਮ ਦਿੱਤਾ। ਇਕ ਪਾਸੇ ਮਨੁੱਖ ਦਾ ਨਾਤਾ ਅਕਾਲ ਪੁਰਖ ਨਾਲ ਜੋੜਿਆ ਅਤੇ ਦੂਜੇ ਪਾਸੇ ਮਨੁੱਖ ਦੀ ਮਨੁੱਖ ਨਾਲ ਸਮਤੁਲਤਾ ਤੇ ਬਰਾਬਰੀ ਦੇ ਆਧਾਰ 'ਤੇ ਸਾਂਝ ਪਾਈ।

ਇਸ ਤਰ੍ਹਾਂ ਹੋਰ ਗੱਲਾਂ ਦੇ ਨਾਲ-ਨਾਲ ਗੁਰੂ ਨਾਨਕ ਦੇਵ ਜੀ ਨੇ ਆਪਣੇ ਬਹੁ-ਪੱਖੀ ਉਪਦੇਸ਼ਾਂ ਸਦਕਾ ਆਪਣੇ ਅਕੀਦੇ ਦੇ ਪੈਰੋਕਾਰਾਂ ਨੂੰ ਵੰਡ ਛਕਣ, ਕਿਰਤ ਕਰਨ ਤੇ ਨਾਮ ਜਪਣ ਦਾ ਸੰਦੇਸ਼ ਦਿੱਤਾ। ਗੁਰੂ ਅੰਗਦ ਦੇਵ ਜੀ ਨੇ ਉਨ੍ਹਾਂ ਵਿਚ ਆਗਿਆਕਾਰਤਾ ਭਰੀ। ਨਿਤਾਣਿਆਂ ਦੇ ਤਾਣ ਤੇ ਨਿਮਾਣਿਆਂ ਦੇ ਮਾਣ ਤੀਜੇ ਗੁਰੂ ਅਮਰਦਾਸ ਜੀ ਨੇ ਊਚ ਨੀਚ ਦੀਆਂ ਦੀਵਾਰਾਂ ਤੋੜ ਕੇ ਸੰਗਤ ਪੰਗਤ ਦੀ ਪ੍ਰਥਾ ਦੁਆਰਾ ਮਨੁੱਖੀ-ਬਰਾਦਰੀ ਨੂੰ ਬਰਾਬਰੀ ਦਾ ਅਮਲੀ ਪੈਗਾਮ ਦਿੱਤਾ, ਗੁਰੂ ਰਾਮ ਦਾਸ ਜੀ ਨੇ ਸੇਵਾ ਤੇ ਸਿਮਰਨ ਨੂੰ ਸਿੱਖ ਵਿਚ ਸੰਚਤ ਕਰਕੇ ਉਸ ਨੂੰ ਦੂਜੇ ਪ੍ਰਤੀ ਹਮਦਰਦੀ ਭਰਿਆ ਵਿਹਾਰ ਕਰਨ ਦੀ ਜਾਚ ਦੱਸੀ। ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਸ਼ਹੀਦੀ ਦੇ ਕੇ ਮਨੁੱਖ ਦੀ ਹਸਤੀ ਵਿਚ ਸਵੈ-ਤਿਆਗ ਤੇ ਕੁਰਬਾਨੀ ਦਾ ਮਾਦਾ ਉਭਾਰਿਆ। ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਨੇ ਇਨਸਾਫ਼ ਪਸੰਦੀ ਦਾ ਸਬਕ ਪੜ੍ਹਾਇਆ। ਸੱਤਵੇਂ ਗੁਰੂ ਹਰ ਰਾਏ ਸਾਹਿਬ ਨੇ ਤਰਸ

ਤੇ ਦਯਾ ਵਰਗੇ ਦੈਵੀ ਗੁਣਾਂ ਦਾ ਵਰਦਾਨ ਦਿੱਤਾ। ਅੱਠਵੇਂ ਗੁਰੂ ਸ੍ਰੀ ਗੁਰੂ ਹਰਕਿਸ਼ਨ ਜੀ ਮਹਾਰਾਜ ਨੇ ਇਤਨੀ ਛੋਟੀ ਉਮਰ ਵਿਚ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਸਿੱਖ ਨੂੰ ਆਪਣਾ ਰਹਿਨੁਮਾ ਚੁਣਨ ਦਾ ਵੱਲ ਸਿਖਾਇਆ ਅਤੇ ਨੌਵੇਂ ਗੁਰੂ ਤੇਗ ਬਹਾਦੁਰ ਸਾਹਿਬ ਨੇ ਆਪਣੇ ਪ੍ਰਾਣਾਂ ਦੀ ਅਹੂਤੀ ਦੇ ਕੇ ਸਾਨੂੰ ਠੰਡਾ ਸੁਭਾਅ ਰੱਖਣ, ਦੁੱਖ ਸੁਖ ਵਿਚ ਇਕ ਸਮਾਨ ਰਹਿਣ, ਨਾ ਕਿਸੇ ਤੋਂ ਡਰਨ ਤੇ ਨਾ ਕਿਸੇ ਨੂੰ ਡਰਾਉਣ ਤੇ ਹਰ ਹਾਲਤ ਵਿਚ ਮਾਨਸਿਕ ਸ਼ਾਂਤੀ ਨੂੰ ਪਰਮ ਸਰੇਸ਼ਟ ਅਵਸਥਾ ਵਿਚ ਰੱਖਣ ਦੇ ਵੱਡਮੁੱਲੇ ਉਪਦੇਸ਼ ਦੇ ਕੇ ਕੌਮ ਦੀ ਸਖਸ਼ੀਅਤ ਨੂੰ ਸੰਤੁਲਨ ਕਰਦਿਆਂ ਹੋਇਆਂ ਦੂਜੇ ਦੇ ਹਿੱਤਾਂ ਲਈ ਆਪਾ ਵਾਰਨ ਦੀ ਭਾਵਨਾ ਨੂੰ ਪਰਪੱਕ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਦੀ ਦਾਤ ਬਖਸ਼ ਕੇ ਸਿੱਖ ਨੂੰ ਸਿੰਘ ਸੂਰਮਾ ਬਣਾ ਦਿੱਤਾ, ਜਿਸ ਵਿਚ ਸਵਾ ਲੱਖ ਨਾਲ ਜੂਝਣ ਦੀ ਸ਼ਕਤੀ ਉਮਡ ਪਈ। ਅੰਮ੍ਰਿਤਪਾਨ ਕਰਨ ਪਿਛੋਂ ਸਿੰਘ ਅਕਾਲ ਪੁਰਖ ਦੀ ਫੌਜ ਬਣ ਕੇ ਖਾਲਸਾ ਅਖਵਾਉਣ ਲੱਗਾ। ਇਹ ਖਾਲਸਾ, ਬਦੀ ਨੂੰ ਸੰਘਾਰਨ ਲਈ, ਮਜ਼ਲੂਮ ਦੀ ਰੱਖਿਆ ਲਈ, ਜ਼ਾਲਮ ਦੇ ਨਾਪਾਕ ਮਨਸੂਬਿਆਂ ਨੂੰ ਠੱਲ੍ਹ ਪਾਉਣ ਲਈ ਇਵੇਂ ਤੱਤਪਰ ਹੋਇਆ ਕਿ ਦੇਸ਼ ਕੌਮ ਦੀ ਆਨ ਸ਼ਾਨ ਲਈ, ਦੂਜੇ ਦੇ ਹਿੱਤਾਂ ਦੀ ਰਖਵਾਲੀ ਲਈ, ਮਾਨਵਤਾ ਵਿਚ ਧਰਮ ਦੇ ਪਰਸਾਰ ਲਈ ਇਸ ਨੇ ਮਰ ਮਿਟਣ ਨੂੰ ਇਕ ਖੇਡ ਸਮਝਣਾ ਸ਼ੁਰੂ ਕਰ ਦਿੱਤਾ।

ਮਗਰੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਿੱਖਾਂ ਦਾ ਗੁਰੂ ਥਾਪ ਕੇ ਉਨ੍ਹਾਂ ਨੂੰ ਇਸ ਜੁਗੋ ਜੁਗ ਅਟਲ ਗੁਰੂ ਦੇ ਲੜ ਲਗਾਂਦਿਆਂ ਹੋਇਆਂ ਆਪਣਾ ਸਰੀਰ ਪੰਥ ਵਿਚ ਅਤੇ ਆਤਮਾ ਗ੍ਰੰਥ ਵਿਚ ਬਿਰਾਜਮਾਨ ਕਰ ਦਿੱਤੀ।

ਅਜਿਹੀ ਲੰਬੀ ਤੇ ਸ਼ਕਤੀਸ਼ਾਲੀ ਟਰੇਨਿੰਗ, ਨਿਰੰਤਰ ਅਗਵਾਈ, ਨਿਕਟਤਮ ਸਰਪ੍ਰਸਤੀ ਅਤੇ ਅਖੰਡ ਪਰਪੱਕਤਾ ਗ੍ਰਹਿਣ ਕਰਕੇ ਸਿੱਖ ਅਜਿਹਾ ਇਨਸਾਨ ਹੋ ਕੇ ਸਾਹਮਣੇ ਆਇਆ ਜਿਹੜਾ ਸੰਤ ਵੀ ਸੀ ਤੇ ਸਿਪਾਹੀ ਵੀ। ਉਸ ਦੇ ਹੱਥ ਕਾਰ ਵਲ ਸਨ ਤੇ ਚਿਤ ਦਾਤਾਰ ਵਲ, ਉਹ ਦਇਆ, ਇਨਸਾਫ ਤੇ ਪਿਆਰ ਦੀ ਮੂਰਤੀ ਵੀ ਸੀ ਪਰ ਅਨਿਆਂ, ਜ਼ੁਲਮ ਤੇ ਨਾ-ਇਨਸਾਫੀ ਵਿਰੁਧ ਡਟਣ ਵਾਲੀ ਫੌਲਾਦੀ ਦੀਵਾਰ ਵੀ। ਗੁਰੂ ਗੋਬਿੰਦ ਸਿੰਘ ਜੀ ਦਾ ਨੀਲਾ ਘੋੜਾ ਉਸ ਲਈ ਨੀਲ ਗਗਨ ਦੀ ਵਿਸ਼ਾਲਤਾ ਦਾ ਸੂਚਕ ਚਿੰਨ੍ਹ ਸੀ ਅਤੇ ਸਫੇਦ ਬਾਜ਼ ਅਥਾਹ ਸ਼ਕਤੀ ਤੇ ਸ਼ਾਂਤਮਈ ਪ੍ਰਯੋਗ ਦਾ ਪ੍ਰਤੀਕ।

ਅਜਿਹੇ ਅਦੁਤੀ ਖਜ਼ਾਨੇ ਦੀ ਹੋਂਦ ਵਿਚ ਅਸੀਂ ਵਡਭਾਗੀ ਹਾਂ ਅਤੇ ਸਾਡੇ ਤੇ ਇਹ ਫਰਜ਼ ਆਇਦ ਹੁੰਦਾ ਹੈ ਕਿ ਇਨ੍ਹਾਂ ਮਹਾਨ ਅਸੂਲਾਂ ਨੂੰ ਵਿਸ਼ਵ ਦੇ ਹਰ ਜੀਵ ਤਕ ਪਹੁੰਚਾ ਕੇ ਉਸ ਦੇ ਭਟਕਦੇ ਮਨ ਨੂੰ ਧਰਵਾਸ ਦਿਵਾਈਏ। ਜੇਕਰ ਅਸੀਂ ਗੁਰ-ਆਸ਼ੇ ਅਨੁਸਾਰ ਜੀਵਨ ਬਤੀਤ ਕਰਕੇ ਉਪਰੋਕਤ ਗੁਣਾਂ ਦੇ ਹਾਲੇ ਵੀ ਧਾਰਨੀ ਅਖਵਾ ਸਕਦੇ ਹਾਂ ਤਾਂ ਅਸੀਂ ਮੁਬਾਰਕਬਾਦ

ਦੇ ਮੁਸਤਹਕ ਹਾਂ ਅਤੇ ਜੇਕਰ ਸਾਡੇ ਜੀਵਨ ਵਿਚ ਵਿਸ਼ੇ ਵਿਕਾਰਾਂ ਕਰਕੇ ਅਧਿਆਤਮਕ ਕਦਰਾਂ ਵਿਚ ਗਿਰਾਵਟ ਆ ਰਹੀ ਹੈ ਤਾਂ ਸਾਨੂੰ ਚਿੰਤਾਤੁਰ ਹੋਣਾ ਚਾਹੀਦਾ ਹੈ ਕਿਉਂਕਿ ਉਸ ਹਾਲਤ ਵਿਚ ਅਸੀਂ ਨਿਘਰ ਰਹੇ ਹੋਵਾਂਗੇ। ਹਰ ਇਕ ਗੁਰਸਿੱਖ ਆਪਣਾ ਮੂਲਾਂਕਣ ਆਪ ਕਰੇ ਕਿ ਉਹ ਕਿਸ ਪਾਸੇ ਵਲ ਜਾ ਰਿਹਾ ਹੈ ਅਤੇ ਇਸ ਸਟੈਂਡਰਡ ਤਕ ਤਾਂ ਜ਼ਰੂਰ ਪਹੁੰਚੇ, ਜਿਸ ਦਾ ਜ਼ਿਕਰ ਦੂਜੇ ਧਰਮਾਂ ਦੇ ਲੋਕਾਂ ਨੇ ਸਿੱਖੀ ਜੀਵਨ ਦੀ ਝਲਕ ਦੇਖ ਕੇ ਆਪਣੀਆਂ ਲਿਖਤਾਂ ਵਿਚ ਕਰਕੇ ਕੌਮ ਨੂੰ ਵਡਿਆਇਆ ਹੈ।

ਸੰਸਾਰ ਵਿਚ ਕੇਸਾਂ ਬਾਰੇ ਹੋਈ ਵਿਗਿਆਨਕ ਤੇ ਇਤਿਹਾਸਕ ਖੋਜ

ਕਹਿੰਦੇ ਹਨ ਕਿ ਅਕਾਲ ਪੁਰਖ ਨੇ ਮਨੁੱਖ ਦੀ ਸਿਰਜਨਾ ਬੜੀ ਰੀਝ ਨਾਲ ਕੀਤੀ ਹੈ। ਜਿਸ ਮਿੱਟੀ ਨਾਲ ਉਸ ਨੂੰ ਘੜਿਆ ਹੈ, ਉਹ ੨੦੦ ਸਾਲ ਗੁੰਨ੍ਹ ਕੇ ਰੱਖੀ ਗਈ ਤੇ ਫਿਰ ੨੮੦ ਸਾਲ ਹੋਰ ਮਨੁੱਖ ਦੀ ਘਾੜਤ ਤੇ ਸਰਫ ਕੀਤੇ ਗਏ ਤਾਂ ਜੋ ਅਜਿਹਾ ਮਨੁੱਖ ਸਿਰਜਿਆ ਜਾਵੇ ਜਿਹੜਾ ਬੇਹਦ ਪਿਆਰਾ ਲੱਗੇ। ਸਾਰਾ ਕੁਝ ਬਹੁਤ ਚਾਅ ਤੇ ਸੁਚੇਤ ਤਰਦਦਾਂ ਨਾਲ ਹੋਇਆ। ਇਸ ਲਈ ਇਹ ਸਹਿਜ ਹੀ ਕਿਹਾ ਜਾ ਸਕਦਾ ਹੈ ਕਿ ਪਰਮਾਤਮਾ ਨੇ ਮਨੁੱਖ ਦੇ ਸਰੀਰ 'ਤੇ ਕੋਈ ਵੀ ਚੀਜ਼ ਅਜਿਹੀ ਨਹੀਂ ਲਗਾਈ ਜਿਹੜੀ ਫਜ਼ੂਲ ਹੋਵੇ। ਇਸ ਨਜ਼ਰੀਏ ਨੂੰ ਮੰਨਦਿਆਂ ਹੋਇਆਂ ਤਾਂ ਇਹੀ ਕਿਹਾ ਜਾ ਸਕਦਾ ਹੈ ਕਿ ਕੇਸ ਕਟਵਾਣਾ ਵਾਹਿਗੁਰੂ ਵਲੋਂ ਦਿੱਤੀ ਹੋਈ ਇਕ ਵਡਮੁੱਲੀ ਦਾਤ ਨੂੰ ਅਪਰਵਾਨ ਕਰਨ ਦੇ ਨਾਲ ਉਸ ਵਲੋਂ ਸਿਰਜੀ ਮਨੁੱਖੀ-ਤਸਵੀਰ ਨੂੰ ਬਦਸ਼ਕਲ ਕਰਨਾ ਹੈ।

ਜੰਬੂਰ, ਤੌਰੇਤ, ਅੰਜੀਲ ਤੇ ਕੁਰਾਨ ਵਿਚ ਇਸੇ ਗੱਲ ਦੇ ਹਵਾਲੇ ਮਿਲਦੇ ਹਨ ਕਿ ਅਕਾਲ ਪੁਰਖ ਨੇ ਬਾਬਾ ਆਦਮ ਨੂੰ ਆਪਣੇ ਜਿਹੀ ਸ਼ਕਲ ਵਾਲਾ ਬਣਾਇਆ ਹੈ ਤੇ ਇਤਿਹਾਸ ਦੇ ਪੰਨਿਆਂ ਨੂੰ ਵਾਚਣ ਤੋਂ ਪਤਾ ਲਗਦਾ ਹੈ, ਕਿ ਸੰਸਾਰ ਭਰ ਵਿਚ ਪੁਰਾਣੇ ਸਮਿਆਂ ਤੋਂ ਹਰ ਕਿਸਮੇ ਦੇ ਲੋਕੀਂ ਕੇਸਾਂ ਦਾ ਪੂਰਾ-ਪੂਰਾ ਸਤਿਕਾਰ ਕਰਦੇ ਸਨ ਅਤੇ ਇਨ੍ਹਾਂ ਨੂੰ ਕਟਵਾਣਾ ਸ਼ਰਮਨਾਕ ਤੇ ਬੇਇੱਜ਼ਤੀ ਵਾਲੀ ਹਰਕਤ ਸਮਝਦੇ ਸਨ। ਇਤਿਹਾਸ ਸਾਖੀ ਭਰਦਾ ਹੈ ਕਿ ਸਾਰੇ ਰਿਸ਼ੀਆਂ-ਮੁਨੀਆਂ ਅਤੇ ਪੀਰਾਂ-ਪੈਗੰਬਰਾਂ ਨੇ ਵੀ ਕੇਸ ਰੱਖੇ।

ਕਹਿੰਦੇ ਹਨ, ਮੰਨੂ ਨੇ ਪਹਿਲੀ ਵਾਰ ਬ੍ਰਾਹਮਣਾਂ ਉਤੇ ਇਹ ਸ਼ਰਤ ਲਗਾਈ, ਕਿ ਜੇਕਰ ਉਹ ਕੋਈ ਕੁਕਰਮ ਕਰਨ ਤਾਂ ਉਹਨਾਂ ਨੂੰ ਜਾਨੋਂ ਮਾਰਨ ਦੀ ਥਾਂ ਉਹਨਾਂ ਦਾ ਸਿਰ ਮੂੰਹ ਮੁੰਨ ਦਿੱਤਾ ਜਾਵੇ, ਇਹ ਉਹਨਾਂ ਲਈ ਮੌਤ ਨਾਲੋਂ ਵੀ ਵਧ ਸਜ਼ਾ ਗਿਣੀ ਜਾਂਦੀ ਸੀ, ਕਿਉਂਕਿ ਅਜਿਹੀ ਹਾਲਤ ਵਿਚ ਉਹ ਸ਼ਰਮਸਾਰੀ ਦੀ ਮੌਤ ਮਰਦੇ ਸਨ।

ਪੁਰਾਣੇ ਸਮਿਆਂ ਵਿਚ ਇਸੇ ਕਿਸਮ ਦਾ ਹੀ ਵਿਕਾਸ ਯੂਨਾਨ ਵਿਚ ਪ੍ਰਚੱਲਤ ਸੀ। ਇਸੇ ਤਰ੍ਹਾਂ ਮੁਸਲਮਾਨ ਹਾਜੀ ਨੂੰ ਹੱਜ ਦਾ ਸਵਾਬ ਨਹੀਂ ਮਿਲਦਾ, ਜੇਕਰ ਉਹ ਲੰਮੀ ਦਾੜ੍ਹੀ ਨਾ ਰੱਖੇ। ਔਰੰਗਜ਼ੇਬ ਇਕ ਕੱਟੜ ਸੁੰਨੀ ਮੁਸਲਮਾਨ ਸੀ ਤੇ ਹਾਜੀਆਂ ਪ੍ਰਤੀ ਉਹ ਬਹੁਤ ਸਤਿਕਾਰ ਦੀ ਭਾਵਨਾ ਰੱਖਦਾ ਸੀ। ਇਕ ਵਾਰੀ ਉਸ ਨੇ ਇਕ ਲੰਬੀ ਦਾੜ੍ਹੀ ਵਾਲੇ ਨੂੰ ਹਾਜੀ ਸਮਝ ਕੇ ਬੜੇ ਪਿਆਰ ਨਾਲ ਬੁਲਾਇਆ, ਪਰ ਜਦ ਉਸ ਨੂੰ ਪਤਾ ਲੱਗਾ ਕਿ ਉਹ ਹਾਜੀ ਨਹੀਂ, ਹਿੰਦੂ ਹੈ, ਤਾਂ ਉਸ ਨੇ ਇਸ ਗੱਲ ਦੀ ਬੰਦਸ਼ ਲਗਾ ਦਿੱਤੀ ਕਿ ਉਸ ਦੇ ਰਾਜ ਵਿਚ ਕੋਈ ਹਿੰਦੂ ਨਾ ਤਾਂ ਦਾੜ੍ਹੀ ਰੱਖ ਸਕਦਾ ਹੈ ਅਤੇ ਨਾ ਪੱਗ ਬੰਨ੍ਹ ਸਕਦਾ ਹੈ। ਇਸ ਤੋਂ ਇਲਾਵਾ ਬਹਾਦਰ ਸ਼ਾਹ ਨੇ ਜਦ ਸਿੱਖ ਕੌਮ ਦੇ ਸਰਵਨਾਸ਼ ਕਰਨ ਦੇ ਮਨਸੂਬੇ ਬਣਾਏ ਤੇ ਸਿੱਖਾਂ ਦੇ ਸਿਰਾਂ ਦੇ ਮੁੱਲ ਪਾਏ ਗਏ ਤਦ ਹਿੰਦੂਆਂ ਨੂੰ ਇਹ ਵਿਸ਼ੇਸ਼ ਹੁਕਮ ਦਿੱਤਾ ਗਿਆ ਕਿ ਉਹ ਆਪਣੀ ਦਾੜ੍ਹੀ ਤੇ ਕੇਸ ਕਤਲ ਕਰਵਾ ਦੇਣ ਤਾਂ ਜੋ ਕਿਸੇ ਸਿੱਖ ਦੇ ਭੁਲੇਖੇ ਵਿਚ ਉਹਨਾਂ ਦੀ ਜਾਨ ਐਵੇਂ ਨਾ ਚਲੀ ਜਾਵੇ। ਮੁਗਲੀਆ ਰਾਜ ਦੇ ਅਜੇਹੇ ਤੰਗਦਸਤੀ ਵਾਲੇ ਆਦੇਸ਼ਾਂ ਨਾਲ ਵਾਲ ਕੱਟਣ ਦਾ ਕਦਮ ਵਧਿਆ, ਜਿਹੜਾ ਅੱਜ ਫੈਸ਼ਨ-ਪ੍ਰਸਤੀ ਦਾ ਇਕ ਚਿੰਨ੍ਹ ਬਣ ਗਿਆ ਹੈ।

ਉਧਰ ਪੱਛਮ ਵਿਚ ਵੀ ੧੯ਵੀਂ ਸਦੀ ਦੌਰਾਨ ਉਦਯੋਗਿਕ ਕਰਾਂਤੀ ਕਾਰਨ ਰੋਜ਼ਗਾਰ ਦੇ ਮੌਕੇ ਵਧੇ, ਪਰ ਫ਼ੈਕਟਰੀਆਂ ਵਿਚ ਮਨੁੱਖੀ ਸੁਰੱਖਿਆ ਦੇ ਕਾਫੀ ਪਰਬੰਧ ਨਾ ਹੋਣ ਕਾਰਨ ਲੰਮੇ ਕੇਸਾਂ ਕਰਕੇ ਮਾਰੂ ਦੁਰਘਟਨਾਵਾਂ ਹੋਣ ਲੱਗ ਪਈਆਂ। ਅਜਿਹੀ ਸਥਿਤੀ ਨੂੰ ਰੋਕਣ ਲਈ ਕਾਮਿਆਂ ਨੇ ਨਾ ਚਾਹੁੰਦੇ ਹੋਏ ਵੀ ਆਪਣੇ ਲੰਬੇ ਲੰਬੇ ਕੇਸ ਕੱਟਣੇ ਅਰੰਭ ਕਰ ਦਿੱਤੇ ਤੇ ਨਤੀਜੇ ਵਜੋਂ ਸ਼ੇਕਸਪੀਅਰ ਵਰਗੇ ਲੰਬੇ ਵਾਲਾਂ ਵਾਲੇ ਮਨੁੱਖਾਂ ਦੀ ਗਿਣਤੀ ਯੂਰਪ ਵਿਚ ਘਟਣ ਲੱਗ ਪਈ, ਜਿਹੜੀ ਘਟਦੀ-ਘਟਦੀ ਅੱਜ ਬਿਲਕੁਲ ਖ਼ਤਮ ਹੋ ਗਈ ਹੈ। ਪਰ ਇਕ ਗੱਲ ਇਹ ਜ਼ਰੂਰ ਹੋਈ ਕਿ ਉਹਨਾਂ ਲੋਕਾਂ ਨੇ ਕੇਸ ਕਟਵਾਣ ਮਗਰੋਂ ਇਸ ਖੇਤਰ ਵਿਚ ਕਾਫੀ ਖੋਜ ਕੀਤੀ ਤਾਂ ਜੋ ਪਤਾ ਲਗ ਸਕੇ ਕਿ ਕੇਸ ਰੱਖਣ ਦੇ ਕੀ ਫਾਇਦੇ ਹਨ ਅਤੇ ਇਨ੍ਹਾਂ ਨੂੰ ਕਟਵਾਣ ਨਾਲ ਮਨੁੱਖੀ-ਸਰੀਰ ਦੇ ਸੁਭਾ ਆਦਿ ਵਿਚ ਕੀ ਤਰੁੱਟੀਆਂ ਆਉਂਦੀਆਂ ਹਨ ?

ਇਸ ਆਸ਼ੇ ਨੂੰ ਮੁੱਖ ਰੱਖ ਕੇ ਪੱਛਮ ਵਿਚ ਹੋਈ ਤਾਜ਼ਾ ਖੋਜ ਅਨੁਸਾਰ ਇਹ ਨਿਰਣਾ ਲਿਆ ਗਿਆ ਹੈ ਕਿ ਕੇਸ ਮਨੁੱਖੀ-ਸਰੀਰ ਵਿਚ ਵਿਟਾਮਿਨ 'ਡੀ' ਪੈਦਾ ਕਰਨ ਲਈ ਇਕ ਵੱਡੀ ਫੈਕਟਰੀ ਦਾ ਕੰਮ ਕਰਦੇ ਹਨ। ਵਿਟਾਮਿਨ 'ਡੀ' ਸਰੀਰ ਦੀਆਂ ਹੱਡੀਆਂ, ਦੰਦਾਂ ਅਤੇ ਨਰਵਸ ਸਿਸਟਮ (Nervous System) ਲਈ ਬਹੁਤ ਹੀ ਜ਼ਰੂਰੀ ਤੱਤ ਹੈ ਜਿਹੜਾ ਅੱਜ ਕਲ੍ਹ ਦੁਰਲੱਭ ਹੈ। ਇਸ ਦਾ ਕਾਰਨ ਇਹ ਹੈ ਕਿ ਜਦ ਤੋਂ ਅਸੀਂ ਸਬਜ਼ੀਆਂ ਅਤੇ ਅਨਾਜ ਨੂੰ ਕੀੜੇਮਾਰ ਦਵਾਈਆਂ ਰਾਹੀਂ ਬਚਾਉਣ ਦੇ ਉਪਰਾਲੇ ਸ਼ੁਰੂ ਕੀਤੇ ਹਨ ਉਦੋਂ ਦਾ ਹੀ ਵਿਟਾਮਿਨ 'ਡੀ' ਵੀ ਇਨ੍ਹਾਂ ਸਬਜ਼ੀਆਂ ਵਿਚੋਂ ਕਾਫੀ ਮਾਤਰਾ ਵਿਚ ਨਸ਼ਟ ਹੁੰਦਾ ਜਾ ਰਿਹਾ ਹੈ, ਜਿਸ ਦੇ ਫਲਸਰੂਪ ਸਮੁਚੇ ਸੰਸਾਰ ਵਿਚ ਵਿਟਾਮਿਨ 'ਡੀ' ਦੀ ਭਾਰੀ ਕਮੀ ਮਹਿਸੂਸ ਹੋਣ

ਲੱਗ ਪਈ ਹੈ। ਵਿਕਸਤ ਦੇਸ਼ਾਂ ਨੇ ਇਸ ਕਮੀ ਦੀ ਗੰਭੀਰਤਾ ਨੂੰ ਦੇਖਦਿਆਂ ਹੋਇਆਂ ਬਨਾਵਟੀ ਤੌਰ 'ਤੇ ਵਿਟਾਮਿਨ 'ਡੀ' ਤਿਆਰ ਕਰਕੇ ਬੱਚਿਆਂ ਦੀ ਖ਼ੁਰਾਕ ਵਿਚ ਰਲਾਉਣਾ ਸ਼ੁਰੂ ਕਰ ਦਿੱਤਾ ਹੈ ਤਾਂ ਜੋ ਵੱਡੇ ਹੋ ਕੇ ਅਜਿਹੀ ਹਸਤੀ ਦੇ ਮਾਲਕ ਨਾ ਬਣਨ ਜਿਹੜੀ ਸਰੀਰ ਦੇ ਪੱਖੋਂ ਦੁਰਲੱਭ ਅਤੇ ਮਾਨਸਿਕ ਤੌਰ 'ਤੇ ਉਖੜੀ-ਪੁਖੜੀ ਹੋਵੇ। ਨਵੀਂ ਖੋਜ ਨੇ ਇਹ ਸਿੱਧ ਕੀਤਾ ਹੈ ਕਿ ਸਿਰ ਦੇ ਵਾਲ ਜਿਤਨੇ ਲੰਮੇ ਹੋਣਗੇ ਉਨ੍ਹਾਂ ਵਿਚਲਾ ਤੇਲ ਸੂਰਜੀ ਸ਼ਕਤੀ ਦੇ ਅਮਲ ਨਾਲ ਉਤਨਾ ਹੀ ਵੱਧ ਵਿਟਾਮਿਨ 'ਡੀ' ਪੈਦਾ ਕਰੇਗਾ। ਇਸ ਲਈ ਵਾਲ ਰੱਖਣਾ ਸਿਹਤ ਅਤੇ ਮਾਨਸਿਕ ਅਵਸਥਾ ਦੋਹਾਂ ਲਈ ਜ਼ਰੂਰੀ ਹੈ। ਇਹ ਵੀ ਸਾਬਤ ਕੀਤਾ ਜਾ ਚੁੱਕਾ ਹੈ ਕਿ ਜੇਕਰ ਕੇਸਾਂ ਨੂੰ ਸਿਰ ਦੀ ਚੋਟੀ ਉਤੇ ਵਲੇਵਾਂ ਦੇ ਕੇ ਜੂੜੇ ਦੀ ਸ਼ਕਲ ਵਿਚ ਸੰਵਾਰਿਆ ਜਾਵੇ ਤਾਂ ਉਹ ਸੂਰਜੀ ਸ਼ਕਤੀ ਨੂੰ ਵੱਧ ਤੋਂ ਵੱਧ ਮਾਤਰਾ ਵਿਚ ਇਵੇਂ ਆਪਣੇ ਵਿਚ ਸਮੋਣ ਦੀ ਸਮਰੱਥਾ ਰੱਖਦੇ ਹਨ ਜਿਸ ਤਰ੍ਹਾਂ ਟੈਲੀਵਿਜ਼ਨ ਦਾ ਐਨਟੇਨਾ ਵਾਤਾਵਰਣ ਵਿਚੋਂ ਚਿਤਰ ਰੇਖਾਵਾਂ ਖਿੱਚਣ ਦੀ ਸ਼ਕਦੀ ਰੱਖਦਾ ਹੈ (ਟੈਕੀਟਸ ਦੇ ਕਥਨ ਅਨੁਸਾਰ: ਪ੍ਰਾਚੀਨ ਜਰਮਨ ਵਾਸੀ ਆਪਣੇ ਸਿਰਾਂ ਉਤੇ ਲੰਬੇ ਵਾਲਾਂ ਦਾ ਜੂੜਾ ਕਰਦੇ ਹੁੰਦੇ ਸਨ)।

ਜੇਕਰ ਅਸੀਂ ਸਿਰ ਦੇ ਵਾਲਾਂ ਨੂੰ ਨਾ ਕੱਟੀਏ ਤਾਂ ਉਹ ਇਕ ਖ਼ਾਸ ਲੰਬਾਈ 'ਤੇ ਪਹੁੰਚਣ ਉਪਰੰਤ ਵਧਣੋਂ ਬੰਦ ਹੋ ਜਾਂਦੇ ਹਨ ਅਤੇ ਫੇਰ ਉਨ੍ਹਾਂ ਦੀ ਦੇਖ-ਭਾਲ ਲਈ ਉਸ ਪ੍ਰੋਟੀਨ ਦਾ ਅੱਧਾ ਪਰਸੈਂਟ ਰੋਜ਼ ਖ਼ਰਚ ਹੋ ਜਾਂਦਾ ਹੈ ਜਿਹੜੀ ਅਸੀਂ ਸਾਰੇ ਦਿਨ ਵਿਚ ਵੱਖ-ਵੱਖ ਖ਼ੁਰਾਕ ਖਾ ਕੇ ਸਰੀਰ ਵਿਚ ਲਿਜਾਂਦੇ ਹਾਂ ਪਰ ਦੂਜੇ ਪਾਸੇ ਵਾਲ ਕੱਟਣ ਨਾਲ ਇਸ ਤੋਂ ਕਈ ਗੁਣਾਂ ਜ਼ਿਆਦਾ ਪ੍ਰੋਟੀਨ ਨਸ਼ਟ ਹੁੰਦੀ ਹੈ ਕਿਉਂਕਿ ਇਹ ਆਮ ਕਰਕੇ ਨਵੇਂ ਵਾਲ ਉਗਾਉਣ ਵਿਚ ਹੀ ਖਰਚ ਹੁੰਦੀ ਰਹਿੰਦੀ ਹੈ। ਕੱਟੇ ਹੋਏ ਵਾਲ ਤੀਜੇ ਦਿਨ ਇੰਚ ਦਾ ਅੱਠਵਾਂ ਹਿੱਸਾ ਵੱਧ ਜਾਂਦੇ ਹਨ ਅਤੇ ਇਸ ਤਰ੍ਹਾਂ ਜੇਕਰ ਇਸ ਵਾਧੇ ਨੂੰ ਇਕੋ ਵਾਲ ਉਤੇ ਹੀ ਨਾਪਿਆ ਜਾਵੇ ਤਾਂ ਕੇਸ ਕਟਾਉਣ ਵਾਲੇ ਸੱਜਣ ਹਰ ਤੀਜੇ ਦਿਨ ਦੋ ਸੌ ਸਾਢੇ ਅੱਠ ਫੁੱਟ ਲੰਮਾਂ ਇਕ ਵਾਲ ਆਪਣੇ ਸਰੀਰ ਵਿਚੋਂ ਸ਼ਕਤੀ ਸਰਫ ਕਰਕੇ ਤਿਆਰ ਕਰਦੇ ਹਨ ਅਤੇ ਫਿਰ ਉਸ ਨੂੰ ਨਸ਼ਟ ਕਰਦੇ ਹਨ (ਆਮ ਮਨੁੱਖ ਦੇ ਸਿਰ 'ਤੇ ਔਸਤਨ ਸਾਢੇ ਇੱਕੀ ਹਜ਼ਾਰ ਵਾਲ ਹੁੰਦੇ ਹਨ)। ਕੇਸ ਕਟਾਉਣ ਦਾ ਇਕ ਨੁਕਸਾਨ ਇਹ ਵੀ ਮੰਨਿਆਂ ਗਿਆ ਹੈ ਕਿ ਜਿਹੜੀ ਸ਼ਕਤੀ ਦਿਮਾਗ ਨੂੰ ਸੂਰਜ ਤੋਂ ਕੇਸਾਂ ਦੁਆਰਾ ਪ੍ਰਾਪਤ ਹੋਣੀ ਸੀ ਅਸੀਂ ਉਸ ਦਾ ਸਰੋਤ ਹੀ ਬੰਦ ਕਰ ਦਿੱਤਾ ਹੈ। ਇਸ ਤੋਂ ਇਹ ਮਤਲਬ ਨਹੀਂ ਕਿ ਕੇਸ-ਹੀਣ ਸ਼੍ਰੇਣੀਆਂ ਵਿਚ ਦਿਮਾਗੀ ਤੌਰ 'ਤੇ ਪ੍ਰਫੁਲਤ ਵਿਅਕਤੀਆਂ ਦੀ ਘਾਟ ਹੈ। ਪਰ ਇਤਨਾ ਜ਼ਰੂਰ ਹੈ ਕਿ ਉਨ੍ਹਾਂ ਨੇ ਵਿਸਰ-ਭੋਲੇ ਹੀ ਉਸ ਸੋਮੇ ਨੂੰ ਬਰਬਾਦ ਕਰ ਦਿੱਤਾ ਹੈ ਜਿਸ ਨੇ ਦਿਮਾਗ ਵਿਚ ਵਧੇਰੇ ਸ਼ਕਤੀ ਦਾ ਸੰਚਾਰ ਕਰਨਾ ਸੀ। ਹਾਂ, ਇਹ ਵੀ ਠੀਕ ਹੈ ਕਿ ਜੇ ਇਸ ਨੁਕਸਾਨ ਨੂੰ ਪੀੜੀਆਂ-ਦਰ-ਪੀੜੀਆਂ ਦੇ ਹਿਸਾਬ ਨਾਲ ਗਿਣਿਆ ਜਾਵੇ ਤਾਂ ਅਵੱਸ਼ ਹੀ ਅਸੀਂ ਦਿਮਾਗੀ ਪਤਨ ਵੱਲ ਵਧ ਰਹੇ ਹਾਂ।

ਸਿਆਣੇ ਹਕੀਮ ਤੇ ਵੈਦ ਰੇਸ਼ੇ ਨਜ਼ਲੇ ਤੇ ਜ਼ੁਕਾਮ ਆਦਿ ਦੇ ਰੋਗਾਂ ਦਾ ਇਕ ਕਾਰਨ ਕੇਸ ਕਟਾਣਾ ਵੀ ਦਸਦੇ ਹਨ। ਇਹ ਗੱਲ ਪਿਛਲੇ ਸੌ ਸਾਲਾਂ ਤੋਂ ਲਿਖਤਾਂ ਵਿਚ ਚਲੀ ਆ ਰਹੀ ਹੈ ਕਿ ਕੇਸ ਰੇਸ਼ੇ ਵਾਲੇ ਮਰੀਜ਼ ਨੂੰ ਬਹੁਤ ਫ਼ਾਇਦਾ ਕਰਦੇ ਹਨ ਅਤੇ ਇਹ ਰੋਗ ਨਿਸਬਤਨ ਉਨ੍ਹਾਂ ਲੋਕਾਂ ਨੂੰ ਘੱਟ ਹੁੰਦਾ ਹੈ, ਜਿਨ੍ਹਾਂ ਦੇ ਕੇਸ ਹਨ। ਅੱਜ ਦੀ ਵਿਗਿਆਨਕ ਖੋਜ ਇਸ ਖੇਤਰ ਵਿਚ ਵੀ ਭਲੀ ਪ੍ਰਕਾਰ ਰੌਸ਼ਨੀ ਪਾ ਸਕਦੀ ਹੈ।

ਜਿਸ ਤਰ੍ਹਾਂ ਸੂਰਜੀ ਸ਼ਕਤੀ ਦਾ ਕੇਂਦਰ-ਬਿੰਦੂ ਸਿਰ ਦੀ ਚੋਟੀ ਨੂੰ ਮੰਨਿਆ ਗਿਆ ਹੈ, ਉਸੇ ਤਰ੍ਹਾਂ ਚੰਦਰਮਾ ਦੀ ਸ਼ਕਤੀ ਦਾ ਕੇਂਦਰ ਬਿੰਦੂ ਠੋਡੀ ਨੂੰ ਸਮਝਿਆ ਜਾਂਦਾ ਹੈ। ਇਸ ਲਈ ਜਿਵੇਂ ਸਿਰ ਦੇ ਵਾਲ ਸੂਰਜ ਤੋਂ ਸ਼ਕਤੀ ਗ੍ਰਹਿਣ ਕਰਕੇ ਦਿੰਦੇ ਹਨ, ਉਸੇ ਤਰ੍ਹਾਂ ਦਾਹੜੀ ਦੇ ਰੋਮ ਚੰਦਰਮਾ ਦੀ ਸ਼ਕਤੀ ਨੂੰ ਸਰੀਰ ਵਿਚ ਲਿਆਉਂਦੇ ਹਨ ਅਤੇ ਇਨ੍ਹਾਂ ਵਿਚ ਇਕ ਹੋਰ ਖ਼ੂਬੀ ਇਹ ਹੁੰਦੀ ਹੈ ਕਿ ਉਹ ਵਾਤਾਵਰਣ ਵਿਚ ਭਰੀਆਂ ਪਈਆਂ ਨੁਕਸਾਨਦੇਹ ਤਰੰਗਾਂ ਆਦਿ ਨੂੰ ਦਿਮਾਗ ਵਿਚ ਜਾਣ ਤੋਂ ਰੋਕਦੇ ਹਨ, ਜਿਸ ਦੇ ਫਲ ਸਰੂਪ ਗਮਗੀਨੀ ਅਧਿਕ ਭਾਵੁਕਤਾ, ਨਿਮੋਝੂਣਤਾ ਤੇ ਮਾਨਸਕ ਬਿਖਰੇਪਨ ਨੂੰ ਠਲ੍ਹ ਪੈਂਦੀ ਹੈ ਅਤੇ ਦਲੇਰੀ, ਖ਼ੁਸ਼ ਤਬੀਅਤੀ, ਖ਼ੁਸ਼-ਅਸ਼ਲੂਬੀ, ਚੜ੍ਹਦੀ ਕਲਾ ਤੇ ਉਦਮਸ਼ੀਲਤਾ ਵਰਗੇ ਗੁਣ ਉਤਪੰਨ ਹੁੰਦੇ ਹਨ।

ਇਸ ਦੇ ਉਲਟ ਔਰਤਾਂ ਦੀ ਦਾਹੜੀ ਨਹੀਂ ਹੁੰਦੀ, ਅਜਿਹਾ ਸ਼ਾਇਦ ਪਰਮਾਤਮਾ ਨੇ ਇਨ੍ਹਾਂ ਦੀ ਕੋਮਲਤਾ ਅਤੇ ਖ਼ੂਬਸੂਰਤੀ ਨੂੰ ਮੁਖ ਰੱਖਦਿਆਂ ਕੀਤਾ ਹੋਵੇ। ਜੇ ਔਰਤਾਂ ਦੀ ਸੁੰਦਰਤਾ ਠੋਡੀ 'ਤੇ ਵਾਲ ਨਾ ਆਉਣ ਵਿਚ ਹੈ ਤਦ ਅਵੱਸ਼ ਹੀ ਮਰਦਾਂ ਦੀ ਸੁੰਦਰਤਾ ਤੇ ਸੂਰਬੀਰਤਾ ਉਨ੍ਹਾਂ ਦੀ ਦਾਹੜੀ ਤੇ ਰੋਮਾਂ 'ਤੇ ਨਿਰਭਰ ਕਰਦੀ ਹੈ। ਇਸ ਗੱਲ ਦਾ ਮੁਆਵਜ਼ਾ ਦੇਣ ਲਈ ਕਿ ਰੱਬ ਨੇ ਔਰਤਾਂ ਨੂੰ ਦਾਹੜੀ ਦੇ ਵਾਲਾਂ ਤੋਂ ਵਾਝਿਆਂ ਰੱਖ ਕੇ ਸ਼ਕਤੀ ਪ੍ਰਾਪਤੀ ਦੇ ਇਕ ਵਡਮੁਲੇ ਸੋਮੇ ਤੋਂ ਹੀਣਾ ਕਰ ਦਿੱਤਾ ਹੈ, ਇਨ੍ਹਾਂ ਦੇ ਤਾਂਤਰਿਕ ਸਿਸਟਮ ਨੂੰ ਆਦਮੀ ਨਾਲੋਂ ੧੬ ਗੁਣਾਂ ਜ਼ਿਆਦਾ ਮਜ਼ਬੂਤ ਬਣਾ ਦਿੱਤਾ ਗਿਆ ਹੈ। ਹੋ ਸਕਦਾ ਹੈ ਇਸੇ ਕਾਰਨ ਹੀ ਔਰਤਾਂ ਮਰਦਾਂ ਦੇ ਮੁਕਾਬਲੇ ਵਿਚ ਜ਼ਿਆਦਾ ਸਹਿਨਸ਼ੀਲ, ਹਲੀਮ ਤੇ ਮਿਠ ਬੋਲੜੀਆਂ ਹਨ ਜਿਹੜੇ ਕਿ ਔਰਤਾਂ ਦੇ ਮੂਲ ਗੁਣ ਹਨ।

ਕੇਸਾਂ ਉਤੇ ਖੋਜ ਕਰਨ ਵਾਲਿਆਂ ਨੇ ਇਸ ਤੱਥ ਨੂੰ ਵੀ ਸਵੀਕਾਰ ਕੀਤਾ ਹੈ ਕਿ ਕੇਸ ਅਜਿਹੇ ਮੈਟੀਰੀਅਲ ਦੇ ਬਣੇ ਹਨ ਜਿਸ ਵਿਚ ਸਰੀਰ ਨੂੰ ਗਰਮੀ ਅਤੇ ਸਰਦੀ ਦੋਹਾਂ ਤੋਂ ਬਚਾ ਕੇ ਰੱਖਣ ਦੀ ਸਿਫਤ ਮੌਜੂਦ ਹੈ। ਜਦੋਂ ਮੌਸਮ ਸਰਦ ਹੋ ਜਾਂਦਾ ਹੈ ਤਾਂ ਇਸ ਵਿਚਲੇ ਉਹ ਤੱਤ ਸਰਗਰਮ ਹੋ ਜਾਂਦੇ ਹਨ ਜਿਹੜੇ ਆਪਣੇ ਰਾਹੀਂ ਸਰੀਰ ਨੂੰ ਅਤੇ ਵਿਸ਼ੇਸ਼ ਕਰਕੇ ਦਿਮਾਗ ਨੂੰ ਗਰਮ ਰੱਖਣ ਲਈ ਕਾਰਜ ਕਰਨ ਲਗ ਜਾਂਦੇ ਹਨ ਅਤੇ ਗਰਮੀਆਂ ਵਿਚ ਇਹ ਕਾਰੀਯਾ-ਕਰਮ ਬਦਲ ਜਾਂਦਾ ਹੈ।

ਪੱਛਮੀ ਦੇਸ਼ਾਂ ਦੇ ਡਾਕਟਰਾਂ ਅਤੇ ਸਾਇੰਸਦਾਨਾਂ ਨੇ ਹੁਣੇ-ਹੁਣੇ ਕਈ ਡੂੰਘੀਆਂ ਘੋਖਾਂ ਮਗਰੋਂ ਕੇਸਾਂ ਬਾਰੇ ਬੜੇ ਹੀ ਮਹੱਤਵਪੂਰਨ ਨਿਰਨੇ ਪੇਸ਼ ਕੀਤੇ ਹਨ, ਜਿਨ੍ਹਾਂ ਦੀ ਸੰਖੇਪ ਜਿਹੀ ਵਾਕਫ਼ੀ ਤੋਂ ਅੰਦਾਜਾ ਲਗਾਇਆ ਜਾ ਸਕਦਾ ਹੈ ਕਿ ਕੇਸ ਅਤੇ ਸਰੀਰ ਦੇ ਹੋਰ ਵਾਲ ਮਨੁੱਖ ਲਈ ਕਿਤਨੀ ਭਰਵੀਂ ਤੇ ਦੁਰਲਭ ਸੇਵਾ ਕਰ ਰਹੇ ਹਨ। ਇਕ ਲਬਾਰਟਰੀ ਅਨੁਮਾਨ ਅਨੁਸਾਰ ਪੰਜਾਹ ਗ੍ਰਾਮ ਮਨੁੱਖੀ ਵਾਲ ਕੱਟਣ ਨਾਲ ਅਸੀਂ ਇਕ ਗਰਾਮ ਟਰੇਸ ਧਾਤਾਂ ਜਾਇਆ ਕਰ ਦੇਂਦੇ ਹਾਂ। ਜਿਨ੍ਹਾਂ ਵਿਚ ਜਿਸਤ, ਕਰੋਮੀਅਮ, ਸਿੱਕਾ, ਸੈਲੀਨੀਅਨ ਸ਼ਾਮਲ ਹਨ ਅਤੇ ਜਿਨ੍ਹਾਂ ਵਿਚ ਸ਼ਕਰ ਦੀ ਭੈੜੀ ਬੀਮਾਰੀ ਨੂੰ ਠਲ੍ਹ ਪਾਉਣ ਅਤੇ ਗੰਭੀਰ ਤੋਂ ਗੰਭੀਰ ਅੱਗ ਦੇ ਸਾੜ ਨੂੰ ਖਤਮ ਕਰਨ ਲਈ ਪੂਰੀ-ਪੂਰੀ ਸਮਰੱਥਾ ਹੁੰਦੀ ਹੈ।

ਖੋਜ ਰਾਹੀਂ ਇਹ ਵੀ ਮਿਥਿਆ ਗਿਆ ਹੈ ਕਿ ਸਰੀਰ ਵਿਚ ਇਨ੍ਹਾਂ ਵਡਮੁੱਲੀਆਂ ਧਾਤਾਂ ਦੀ ਲੋੜ ਕੇਵਲ ਕੇਸਾਂ ਦੁਆਰਾ ਹੀ ਪੂਰੀ ਕੀਤੀ ਜਾ ਸਕਦੀ ਹੈ। ਇਨ੍ਹਾਂ ਧਾਤਾਂ ਦੀ ਕਮੀ ਨਾਲ ਜਿਥੇ ਉਪਰੋਕਤ ਬੀਮਾਰੀਆਂ ਸਰੀਰ ਨੂੰ ਚੰਬੜੀਆਂ ਰਹਿੰਦੀਆਂ ਹਨ ਉਥੇ ਬਚਿਆਂ ਨੂੰ ਪੂਰੀ-ਪੂਰੀ ਭੁੱਖ ਨਹੀਂ ਲਗਦੀ ਅਤੇ ਉਨ੍ਹਾਂ ਦੇ ਸਵਾਦ ਦੀ ਸ਼ਕਤੀ ਵਿਚ ਵੀ ਵਿਘਨ ਪੈ ਜਾਂਦਾ ਹੈ ਜਿਸ ਕਰਕੇ ਉਹ ਪੂਰੀ ਨਸ਼-ਓ-ਨਿਮਾ ਨਹੀਂ ਪਾ ਸਕਦੇ ਅਤੇ ਉਨ੍ਹਾਂ ਦੇ ਕੱਦ ਵੀ ਛੋਟੇ ਰਹਿ ਜਾਂਦੇ ਹਨ। ਇਸ ਲਈ ਬੱਚੇ ਨੂੰ ਲੰਮ-ਸਲੰਮਾ ਤੇ ਰਿਸ਼ਟ-ਪੁਸ਼ਟ ਮਨੁੱਖ ਬਣਨ ਲਈ ਵੀ ਵਾਲ ਉਸ ਲਈ ਵੱਡੇ ਮਦਦਗਾਰ ਸਾਬਤ ਹੁੰਦੇ ਹਨ। ਬੌਣੇ ਮਨੁੱਖ ਵਿਚ ਜਿਸਤ ਦੀ ਘਾਟ ਹੁੰਦੀ ਹੈ ਜਿਹੜੀ ਵਾਲਾਂ ਰਾਹੀਂ ਹੀ ਪੂਰੀ ਕੀਤੀ ਜਾ ਸਕਦੀ ਹੈ।

ਇਸ ਬਾਰੇ ਵੀ ਕਾਫ਼ੀ ਲੰਮੀ ਖੋਜ ਹੋਈ ਹੈ ਕਿ ਇਨ੍ਹਾਂ ਟਰੇਸ ਧਾਤਾਂ ਦੀ ਕਾਫੀ ਮਿਕਦਾਰ ਔਰਤ ਦੇ ਸਰੀਰ ਵਿਚ ਹੋਣ ਕਰਕੇ ਪੈਦਾ ਹੋਣ ਵਾਲੇ ਬੱਚੇ ਦੇ ਸਰੀਰ ਦੀ ਬਣਤਰ ਉਤੇ ਵੀ ਸੁਖਾਵਾਂ ਅਸਰ ਪੈਂਦਾ ਹੈ ਅਤੇ ਕੁਦਰਤ ਨੇ ਵਾਲਾਂ ਵਿਚ ਇਹ ਖੂਬੀ ਭਰੀ ਹੈ ਕਿ ਉਹ ਅਜਿਹੀ ਦੁਰਲਭ ਧਾਤੂ ਨੂੰ ਸਰੀਰ ਵਿਚ ਲਿਜਾ ਕੇ ਇਕੱਠਾ ਕਰ ਦੇਂਦੇ ਹਨ ਤਾਂ ਜੋ ਲੋੜ ਵੇਲੇ ਇਨ੍ਹਾਂ ਦੀ ਵਰਤੋਂ ਕੀਤੀ ਜਾ ਸਕੇ ਕਿਉਂਕਿ ਔਰਤਾਂ ਨੇ ਸੰਤਾਨ ਪੈਦਾ ਕਰਨੀ ਹੁੰਦੀ ਹੈ। ਇਸ ਲਈ ਅਕਾਲ ਪੁਰਖ ਨੇ ਉਨ੍ਹਾਂ ਦੇ ਵਾਲਾਂ ਨੂੰ ਇਨ੍ਹਾਂ ਧਾਤਾਂ ਦੀ ਪ੍ਰਾਪਤੀ ਲਈ ਮਰਦਾਂ ਦੇ ਵਾਲਾਂ ਨਾਲੋਂ ਵਧੇਰੇ ਤਾਕਤਵਰ ਤੇ ਲੰਬਾ ਬਣਾਇਆ ਹੈ।

ਇਕ ਹੋਰ ਵਿਗਿਆਨੀ ਰੌਨਲਡ ਦੇ ਕਥਨ ਅਨੁਸਾਰ-

"ਉਨ੍ਹਾਂ ਲੋਕਾਂ ਦੇ ਦੰਦ ਜਲਦੀ ਗਿਰ ਜਾਂਦੇ ਹਨ ਜਿਹੜੇ ਕੇਸ ਨਹੀਂ ਰੱਖਦੇ ਅਤੇ ਕੇਸਾਧਾਰੀਆਂ ਦੀਆਂ ਉਮਰਾਂ ਕੇਸ ਹੀਨ ਵਿਅਕਤੀਆਂ ਨਾਲੋਂ ਆਮ ਕਰਕੇ ਵਧੇਰੇ ਹੁੰਦੀਆਂ ਹਨ।"

ਅਮਰੀਕਾ ਦੀਆਂ ਬੀਮਾ ਕੰਪਨੀਆਂ ਹੁਣ ਇਨ੍ਹਾਂ ਤੱਥਾਂ ਦੀ ਪੁਸ਼ਟੀ ਉਪਰੰਤ ਆਪਣੇ ਵਿਹਾਰ ਵਿਚ ਇਸ ਨੁਕਤੇ ਨੂੰ ਮਹੱਤਤਾ ਦੇਣ ਦੀ ਵਿਚਾਰ ਕਰਨ ਲੱਗੀਆਂ ਹਨ। ਇਹ ਸਾਰੀਆਂ ਗੱਲਾਂ ਅਤਿਕਥਨੀ ਤੇ ਅਧਾਰਤ ਨਹੀਂ, ਸਗੋਂ ਇਨ੍ਹਾਂ ਦੇ ਪ੍ਰਮਾਣ ਵਿਚ ਹੁਣ ਬੇਸ਼ੁਮਾਰ ਸਾਹਿਤ ਉਪਲਬਧ ਹੈ, ਜਿਹੜਾ ਕਸਵਟੀ ਵਜੋਂ ਅਧਾਰਤ ਮੰਨਿਆ ਜਾਂਦਾ ਹੈ।

ਦਾੜ੍ਹੀ ਅਤੇ ਸਿਰ ਦੇ ਕੇਸ਼ਾਂ ਦੀ ਵਿਗਿਆਨਕ ਖੋਜ ਦੇ ਨਾਲ-ਨਾਲ ਹੁਣ ਮੁੱਛਾਂ ਦੇ ਵਾਲਾਂ ਬਾਰੇ ਵੀ ਖੋਜ ਜਾਰੀ ਹੈ ਜਿਸ ਬਾਰੇ ਹਾਲੇ ਤੱਕ ਦੋ ਟੂਕ ਨਿਸ਼ਕਰਸ਼ ਤਾਂ ਨਹੀਂ ਨਿਕਲੇ ਪਰ ਕੁਝ ਹੱਦ ਤਕ ਇਵੇਂ ਸੋਚਿਆ ਜਾ ਰਿਹਾ ਹੈ ਕਿ ਮੁੱਛਾਂ ਦੇ ਰੋਮ ਦਾੜ੍ਹੀ ਤੇ ਸਿਰ ਦੇ ਰੋਮਾਂ ਕਾਰਨ ਸਰੀਰ ਵਿਚ ਲਿਆਂਦੀਆਂ ਗਈਆਂ ਵੱਖ-ਵੱਖ ਸ਼ਕਤੀ-ਤਰੰਗਾਂ ਵਿਚ ਸੁਮੇਲ ਪੈਦਾ ਕਰਦੇ ਹਨ। ਇਹ ਗੱਲ ਹਾਲੇ ਭਰਵੀਂ ਖੋਜ ਦੀ ਮੁਥਾਜ ਹੈ। ਕੁਝ ਬਜ਼ੁਰਗ ਇਹ ਵੀ ਕਹਿੰਦੇ ਹਨ ਕਿ ਵਾਤਾਵਰਣ ਦੀਆਂ ਦੋਹਾਂ ਦਿਸ਼ਾਵਾਂ ਤੋਂ ਸ਼ਕਤੀ-ਤਰੰਗਾਂ ਖਿੱਚਣ ਲਈ ਕੇਸ ਉਪਰਲੇ ਅਕਾਸ਼ ਵਿਚੋਂ, ਦਾੜ੍ਹੀ ਦੇ ਰੋਮ ਧਰਤੀ ਵਲੋਂ ਅਤੇ ਮੁੱਛਾਂ ਦੇ ਵਾਲ ਵਾਤਾਵਰਣ ਦੇ ਸੱਜੇ ਖੱਬੇ ਪਾਸਿਓਂ ਸ਼ਕਤੀ ਗ੍ਰਹਿਣ ਕਰਨ ਦੇ ਵਡ-ਮੁੱਲੇ ਸੋਮੇ ਹਨ। ਇਸ ਗੱਲ ਨੂੰ ਵੀ ਬੇਸ਼ਕ ਹਾਲੇ ਦੰਦ-ਕਥਾ ਹੀ ਮੰਨੀਏ ਪਰ ਇਕ ਗੱਲ ਜ਼ਰੂਰ ਹੈ ਕਿ ਮੁੱਛਾਂ ਚਿਰ ਕਦੀਮਾਂ ਤੋਂ ਮਨੁੱਖੀ-ਬਹਾਦਰੀ, ਮਰਦਾਨਗੀ, ਅਣਖ ਤੇ ਸੁਹੱਪਣ ਦਾ ਸੂਚਕ ਚਲੀਆਂ ਆ ਰਹੀਆਂ ਹਨ। ਜਿਸ ਚੀਜ਼ ਨਾਲ ਇਤਨਾ ਵਡ-ਮੁੱਲਾ ਗੌਰਵ ਜੁੜਿਆ ਹੋਵੇ ਉਸ ਨੂੰ ਨਸ਼ਟ ਕਰਨਾ ਆਪਣੀ ਸੂਰਮਗਤੀ ਨੂੰ ਨੀਵਾਂ ਦਿਖਾਣ ਦੀ ਗੱਲ ਹੀ ਹੋ ਸਕਦੀ ਹੈ। ਸ਼ਾਇਦ ਇਹ ਹੀ ਕਾਰਨ ਹੈ ਕਿ ਵਿਸ਼ਵ ਵਿਚ ਹਾਲੇ ਵੀ ਬਹੁਤ ਸਾਰੀਆਂ ਕੌਮਾਂ ਅਜਿਹੀਆਂ ਹਨ ਜਿਹੜੀਆਂ ਆਪਣੀਆਂ ਦਾੜ੍ਹੀਆਂ ਤੇ ਸਿਰਾਂ ਦੇ ਕੇਸਾਂ ਨੂੰ ਤਾਂ ਕਟਵਾ ਦੇਂਦੇ ਹਨ ਪਰ ਮੁੱਛਾਂ ਦੇ ਰੋਮਾਂ ਨੂੰ ਵੱਟ ਦੇ ਕੇ, ਸਜਾ ਕੇ ਰੱਖਣ ਵਿਚ ਆਪਣਾ ਗੌਰਵ ਤੇ ਅਣਖ ਸਮਝਦੀਆਂ ਹਨ।

ਜਿਵੇਂ ਕੇਸਾਂ ਬਾਰੇ ਖੋਜ ਕੀਤੀ ਗਈ ਹੈ ਉਵੇਂ ਹੀ ਇਨ੍ਹਾਂ ਦੀ ਸੰਭਾਲ ਅਤੇ ਦੇਖ-ਰੇਖ ਬਾਰੇ ਕੁਝ ਤੱਤ ਕੱਢੇ ਗਏ ਹਨ। ਜੇਕਰ ਕੇਸਾਂ ਨੂੰ ਢਕ ਕੇ ਰੱਖਿਆ ਜਾਵੇ ਤਾਂ ਉਹ ਥੋੜ੍ਹੇ ਸਮੇਂ ਵਿਚ ਦੂਣੀ ਤੇਜ਼ ਕਿਰਿਆ ਨਾਲ ਕੰਮ ਕਰਨ ਲਗ ਜਾਂਦੇ ਹਨ। ਢਕੇ ਹੋਏ ਕੇਸ ਨੰਗੇ ਕੇਸਾਂ ਨਾਲੋਂ ਬਹੁਤ ਜਲਦੀ ਉਗਦੇ ਹਨ। ਬਹੁਤੇ ਧਰਮਾਂ ਵਿਚ ਇਹ ਰਿਵਾਜ ਹੈ ਕਿ ਜਦ ਕੋਈ ਵਿਅਕਤੀ ਧਾਰਮਿਕ ਅਸਥਾਨ ਵਿਚ ਜਾਂਦਾ ਹੈ ਉਹ ਸਿਰ ਢੱਕ ਕੇ ਜਾਂਦਾ ਹੈ। ਜਦ ਅਸੀਂ ਪਾਠ ਪੂਜਾ ਕਰਨੀ ਹੁੰਦੀ ਹੈ ਤਾਂ ਵੀ ਅਸੀਂ ਸਿਰ ਢੱਕ ਕੇ ਬੈਠਦੇ ਹਾਂ ਇਸ ਦਾ ਇਹ ਹੀ ਕਾਰਨ ਹੈ ਕਿ ਢਕੇ ਹੋਏ ਸਿਰ ਨਾਲ ਕੇਸ ਸਾਡੇ ਦਿਮਾਗ ਵਿਚ ਵਧੇਰੇ ਸ਼ਕਤੀ ਦੀ ਸਿਰਜਨਾ ਕਰ ਰਹੇ ਹੁੰਦੇ ਹਨ। ਜਦ ਅਸੀਂ ਭਗਤੀ ਵਿਚ ਲੀਨ ਹੋਣ ਕਾਰਨ ਲੋੜ ਨਾਲੋਂ ਵਧ ਸ਼ਕਤੀ ਨੂੰ ਸਰਫ ਕਰ ਰਹੇ ਹੁੰਦੇ ਹਾਂ ਤਾਂ ਢਕੇ ਕੇਸ ਸਾਡੀ ਵਾਧੂ ਲੋੜ ਨੂੰ ਪੂਰਿਆਂ ਕਰ ਰਹੇ ਹੁੰਦੇ ਹਨ। ਪਰ ਅੱਜ-ਕਲ੍ਹ ਇਤਨੀ ਮਹੱਤਵਪੂਰਨ ਗੱਲ ਨੂੰ ਅਣਗੌਲਿਆਂ ਸੁਟ ਕੇ ਅਸੀਂ ਰਿਵਾਜੀ ਤੌਰ

'ਤੇ ਹੀ ਕੇਸਾਂ ਨੂੰ ਢਕ ਕੇ ਧਾਰਮਿਕ ਅਸਥਾਨਾਂ ਵਿਚ ਜਾਂਦੇ ਹਾਂ।

ਕੇਸ ਕਿਸ ਚੀਜ਼ ਨਾਲ ਢਕਣੇ ਹਨ ਇਸ ਬਾਰੇ ਵੀ ਕਾਫ਼ੀ ਗੰਭੀਰ ਖੋਜ ਹੋਈ ਹੈ। ਜੇਕਰ ਕੇਸ ਕਿਸੇ ਸੂਤੀ ਕਪੜੇ ਨਾਲ ਢਕੇ ਜਾਣ ਤਾਂ ਸੌ ਫ਼ੀ ਸਦੀ ਸੂਰਜ-ਸ਼ਕਤੀ ਉਸ ਸੂਤੀ ਕਪੜੇ ਵਿਚੋਂ ਨਿਕਲ ਕੇ ਕੇਸਾਂ ਤਕ ਪਹੁੰਚਦੀ ਹੈ ਅਤੇ ਹੋਰ ਕਿਸ ਪ੍ਰਕਾਰ ਦਾ ਕਪੜਾ ਅਜਿਹੇ ਗੁਣ ਨਹੀਂ ਰੱਖਦਾ। ਕੇਸ ਸਾਫ਼ ਸੁਥਰੇ ਹੋਣ ਦੀ ਸੂਰਤ ਵਿਚ ਆਪਣੇ ਕਾਰਜ ਵਧੇਰੇ ਸੁਗਮਤਾ ਨਾਲ ਕਰ ਸਕਦੇ ਹਨ। ਇਸੇ ਕਾਰਨ ਹੀ ਸ਼ਾਇਦ ਕੁੜੀਆਂ ਨੂੰ ਨੰਗੇ ਸਿਰ ਝਾੜੂ ਦੇਣ ਅਤੇ ਸਿਰ 'ਤੇ ਟੋਕਰੀ ਚੁੱਕਣ ਦੀ ਮਨਾਹੀ ਹੈ, ਜਿਸ ਨੂੰ ਪੁਰਾਣੇ ਲੋਕ ਬਦਸ਼ਗਨੀ ਸਮਝਦੇ ਹਨ।

ਪਲਾਸਟਿਕ ਦੇ ਕੰਘੇ ਨਾਲ ਕੇਸ ਵਾਹੁਣਾ ਕੇਸਾਂ ਲਈ ਖਤਰਨਾਕ ਹੋ ਸਕਦਾ ਹੈ ਕਿਉਂਕਿ ਉਹ ਉਨ੍ਹਾਂ ਵਿਚ ਅਚੱਲ ਬਿਜਲੀ ਪੈਦਾ ਕਰਦਾ ਹੈ ਜਿਹੜੀ ਕੇਸਾਂ ਦੇ ਮੂਲ ਸੋਮੇ ਨੂੰ ਨੁਕਸਾਨ ਪਹੁੰਚਾਂਦੀ ਹੈ। ਇਸ ਲਈ ਨਵੀਂ ਖੋਜ ਅਨੁਸਾਰ ਕੇਸ ਲੱਕੜ ਦੇ ਕੰਘੇ ਨਾਲ ਵਾਹੁਣੇ ਚਾਹੀਦੇ ਹਨ ਜਿਹੜਾ ਕੇਸਾਂ ਨੂੰ ਹਰ ਲਿਹਾਜ਼ ਨਾਲ ਸਫ਼ਲਤਾ ਪ੍ਰਦਾਨ ਕਰਦਾ ਹੈ। ਇਹ ਗੱਲਾਂ ਅੱਜ ਸਾਇੰਸੀ ਯੁਗ ਦੀ ਖੋਜ ਸਦਕਾ ਸਾਨੂੰ ਪਤਾ ਲੱਗ ਸਕੀਆਂ ਹਨ। ਪਰ ਧੰਨ ਹਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਿਨ੍ਹਾਂ ਨੇ ਅੱਜ ਤੋਂ ਤਕਰੀਬਨ ਤਿੰਨ ਸੌ ਸਾਲ ਪਹਿਲਾਂ ਇਨ੍ਹਾਂ ਬਾਰੇ ਸਾਨੂੰ ਸੁਚੇਤ ਕੀਤਾ ਸੀ।

ਜਦ ਅਸੀਂ ਭਗਤੀ ਜਾਂ ਪਾਠ ਪੂਜਾ ਵਿਚ ਪੂਰੀ ਤਰ੍ਹਾਂ ਲੀਨ ਹੁੰਦੇ ਹਾਂ ਤਾਂ ਸਾਡੇ ਸਰੀਰ ਵਿਚ ਕੰਮ ਕਰ ਰਿਹਾ ਮਿਕਨਾਤੀਸੀ ਖੇਤਰ ਬਹੁਤ ਸਰਗਰਮ ਅਤੇ ਸ਼ਕਤੀਸ਼ਾਲੀ ਹੋ ਜਾਂਦਾ ਹੈ ਅਤੇ ਜਿਉਂ-ਜਿਉਂ ਮਨੁੱਖ ਭਗਤੀ ਵਿਚ ਜ਼ਿਆਦਾ ਲਗਨਸ਼ੀਲ ਹੁੰਦਾ ਹੈ ਤਿਉਂ-ਤਿਉਂ ਇਹ ਮਿਕਨਾਤੀਸੀ ਖੇਤਰ ਆਪਣੇ ਸਰਵ ਵਿਆਪੀ ਮਿਕਨਾਤੀਸੀ ਖੇਤਰ ਵਿਚੋਂ ਵਧੇਰੇ ਸ਼ਕਤੀ ਖਿੱਚਦਾ ਹੈ। ਇਸ ਤਰ੍ਹਾਂ ਦਿਮਾਗ ਵਿਚ ਇਕ ਖਾਸ ਕਿਸਮ ਦੀ ਆਵਾਜ਼ ਉਤਪੰਨ ਹੋਣੀ ਸ਼ੁਰੂ ਹੋ ਜਾਂਦੀ ਹੈ ਜਿਸ ਨੂੰ ਅਸੀਂ ਅਨਾਦੀ ਧੁਨ ਦਾ ਨਾਂ ਦਿੰਦੇ ਹਾਂ। ਇਹ ਕਾਰਜ ਢਕੇ ਹੋਏ ਸਾਫ਼ ਸੁਥਰੇ ਸਵੱਛ ਲੰਬੇ ਕੇਸਾਂ ਕਰਕੇ ਜ਼ਿਆਦਾ ਤੇਜ਼ੀ ਨਾਲ ਅਮਲ ਵਿਚ ਆਉਂਦਾ ਹੈ, ਇਹ ਨਿਰਣਾ ਖੋਜ 'ਤੇ ਅਧਾਰਤ ਹੈ।

ਭਾਰਤ ਦੇ ਸੂਬਾ ਬੰਗਾਲ ਵਿਚ ਵੀ ਇਕ ਵਾਰੀ ਮਾਹਿਰ ਡਾਕਟਰਾਂ ਦੀ ਟੋਲੀ ਨੇ ਇਲਾਕੇ ਵਿਚ ਪ੍ਰਚਲਤ ਹੱਡੀਆਂ ਦੇ ਇਕ ਰੋਗ ਦੇ ਕਾਰਨਾਂ ਬਾਰੇ ਸਰਵੇਖਣ ਕਰਕੇ ਇਹ ਨਿਰਣਾ ਲਿਆ ਕਿ ਹੱਡੀਆਂ ਦਾ ਰੋਗ ਉਨ੍ਹਾਂ ਵਿਅਕਤੀਆਂ ਨੂੰ ਜ਼ਿਆਦਾ ਲਗਦਾ ਹੈ ਜਿਨ੍ਹਾਂ ਦੇ ਕੇਸ ਨਹੀਂ ਹਨ। ਬੰਗਾਲਣ ਔਰਤਾਂ ਆਪਣੇ ਲੰਬੇ ਵਾਲਾਂ ਕਰਕੇ ਆਮ ਤੌਰ ਤੇ ਇਸ ਬੀਮਾਰੀ ਤੋਂ ਮੁਕਤ ਹਨ। ਇਹ ਸਰਵੇਖਣ ਇਕ ਦੋ ਵਿਅਕਤੀਆਂ 'ਤੇ ਅਧਾਰਤ ਜਾਂਚ 'ਤੇ ਨਿਰਭਰ ਨਹੀਂ ਸੀ ਕਰਦਾ। ਸਗੋਂ ਇਸ ਲਈ ਹਜ਼ਾਰਾਂ ਵਿਅੱਕਤੀਆਂ ਨੂੰ ਟੈਸਟ ਕੀਤਾ ਗਿਆ।

ਸਰੀਰ ਦੇ ਵਾਲਾਂ ਦੇ ਉਪਰੋਕਤ ਕੁਝ ਇਕ ਪ੍ਰਮਾਣਿਤ ਗੁਣਾਂ ਕਾਰਨ ਅਸੀਂ ਸਮਝਦੇ ਹਾਂ ਕਿ ਇਨ੍ਹਾਂ ਨੂੰ ਢਕਣਾ ਇਕ ਅਵਸ਼ਕਤਾ ਹੈ। ਕੁਝ ਲੋਕੀਂ ਤਾਂ ਕੇਸਾਂ ਨੂੰ ਰੱਬ ਦੀ ਸ਼ਕਤੀ ਅਤੇ ਬਾਣੀ ਗ੍ਰਹਿਣ ਕਰਨ ਲਈ ਏਰੀਅਲ ਦਾ ਦਰਜਾ ਵੀ ਦਿੰਦੇ ਹਨ। ਇਕ ਕੇਸਾਧਾਰੀ ਖਾਲਸਾ ਸਜੀ ਅੰਗਰੇਜ਼ੀ ਲੇਡੀ ਮੈਕਮਿਲਨ ਸਿੱਖਾਂ ਦੀ ਇਕ ਇਕਤਰਤਾ ਵਿਚ ਭਾਸ਼ਨ ਕਰਦੀ ਕੇਸਾਂ ਬਾਰੇ ਆਪਣੇ ਵਿਚਾਰ ਪ੍ਰਗਟ ਕਰਨ ਲਗਿਆਂ ਕਹਿੰਦੀ ਹੈ-

"My dear Sikh Gentlemen. The Keshas of your head are not simply hair. these are those Electric wires, which attach you to the power house of Mighty. Guru Gobind Singh Ji and are cultural crown on the hoary head of Bharat Mata."

ਭਾਵ-''ਮੇਰੇ ਪਿਆਰੇ ਸਿੱਖ ਵੀਰੋ! ਤੁਹਾਡੇ ਸਿਰ 'ਤੇ ਉਗੇ ਕੇਸਾਂ ਨੂੰ ਤੁਸੀਂ ਸਿਰਫ ਵਾਲ ਹੀ ਨਾ ਸਮਝੋ ਇਹ ਤਾਂ ਉਹ ਬਿਜਲੀ ਦੀਆਂ ਤਾਰਾਂ ਹਨ, ਜਿਹੜੀਆਂ ਤੁਹਾਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਕਤੀਸ਼ਾਲੀ ਬਿਜਲੀਘਰ ਨਾਲ ਜੋੜਦੀਆਂ ਹਨ। ਤੁਹਾਨੂੰ ਇਨ੍ਹਾਂ ਕੇਸਾਂ ਨੂੰ ਭਾਰਤ ਮਾਤਾ ਦੇ ਸਤਿਕਾਰ ਯੋਗ ਸੀਸ ਤੇ ਸਭਿਆਚਾਰਕ ਤਾਜ ਦੀ ਨਿਆਈਂ ਤਸਵਰ ਕਰਨਾ ਚਾਹੀਦਾ ਹੈ।''

ਲੇਡੀ ਮੈਕਮਿਲਨ ਦੇ ਉਪਰੋਕਤ ਵਿਚਾਰਾਂ ਤੋਂ ਉਨ੍ਹਾਂ ਦੇ ਕੇਸਾਂ ਬਾਰੇ ਸਤਿਕਾਰਕ ਵਾਲੇ ਜਜ਼ਬਾਤਾਂ ਦੇ ਦਰਸ਼ਨ ਹੁੰਦੇ ਹਨ।

ਜਨਰਲ ਸਰ ਚਾਰਲਸ ਗਫ 'ਦੀ ਸਿਖਸ' ਵਿਚ ਸਿੱਖਾਂ ਲਈ ਕੇਸਾਂ ਦੀ ਮਹੱਤਤਾ ਦਰਸਾਉਂਦਿਆਂ ਹੋਇਆਂ ਲਿਖਦਾ ਹੈ, ਕਿ

''ਕਿਸੇ ਵੀ ਹਾਲਤ ਵਿਚ ਜਾਂ ਕਿਸੇ ਵੀ ਮਜ਼ਬੂਰੀ ਦੇ ਤਾਬੇ ਸਿੱਖ ਆਪਣੇ ਕੇਸ ਕਟਵਾਣਾ ਪਰਵਾਨ ਨਹੀਂ ਕਰਦੇ ਭਾਵੇਂ ਇਸ ਕਰਕੇ ਉਨ੍ਹਾਂ ਦੀ ਜਾਨ ਹੀ ਕਿਉਂ ਨਾ ਚਲੀ ਜਾਵੇ।''

ਸ੍ਰੀ ਰਾਬਿੰਦਰ ਨਾਥ ਟੈਗੋਰ ਨੂੰ ਜਦ ਅਧਿਆਤਮਕ ਚੇਤੰਨਤਾ ਅਨੁਭਵ ਹੋਈ ਤਾਂ ਪਹਿਲਾ ਕੰਮ ਉਨ੍ਹਾਂ ਨੇ ਇਹ ਕੀਤਾ ਕਿ ਉਨ੍ਹਾਂ ਨੇ ਆਪਣੇ ਉਸਤਰੇ ਤੇ ਵਾਲ ਕੱਟਣ ਵਾਲੇ ਹੋਰ ਸਾਜ ਸਮਾਨ ਨੂੰ ਚੁੱਕ ਕੇ ਸੁੱਟ ਦਿੱਤਾ।

ਇਤਿਹਾਸ ਵਿਚ ਆਉਂਦਾ ਹੈ ਕਿ ਜਦ ਸ਼ਰਧਾਲੂ ਭਾਈ ਤਾਰੂ ਸਿੰਘ ਜੀ ਦੇ ਕੇਸ ਕੱਟੇ ਜਾਣ ਲੱਗੇ ਤਾਂ ਉਨ੍ਹਾਂ ਨੂੰ ਇਹ ਗੱਲ ਬਹੁਤ ਦੁਖਦਾਈ ਲੱਗੀ ਤੇ ਚਾਰਾਜੋਈ ਲਈ ਵਾਹਿਗੁਰੂ ਅੱਗੇ ਅਰਦਾਸ ਕੀਤੀ ਜਿਹੜੀ ਪ੍ਰਵਾਨ ਹੋਈ। ਇਸ ਲਈ ਅਕਾਲ ਪੁਰਖ ਨੇ ਉਨ੍ਹਾਂ ਨੂੰ ਇਤਨੀ

ਸ਼ਕਤੀ ਬਖਸ਼ੀ ਕਿ ਪੂਰਾ ਜ਼ੋਰ ਲਾਉਣ ਤੇ ਭੀ ਭਾਈ ਤਾਰੂ ਸਿੰਘ ਜੀ ਦੇ ਕੇਸ ਦੁਸ਼ਮਣਾਂ ਤੋਂ ਨਾ ਕੱਟੇ ਗਏ ਤਾਂ ਹੀ ਮਜਬੂਰਨ ਉਨ੍ਹਾਂ ਦੀ ਖੋਪਰੀ ਉਤਾਰਨੀ ਪਈ ਜਿਹੜੀ ਉਨ੍ਹਾਂ ਹੱਸ ਕੇ ਲੁਹਾਈ ਤੇ ਅਕਾਲ ਪੁਰਖ ਦਾ ਸ਼ੁਕਰਾਨਾ ਅਦਾ ਕੀਤਾ।

ਇਸ ਸੰਬੰਧ ਵਿਚ ਇਕ ਸਿਦਕੀ ਸਿੱਖ ਭਾਈ ਪ੍ਰੀਤਮ ਸਿੰਘ ਨਿਵਾਸੀ ਪਿੰਡ ਅੱਬੋ ਮਾਜਰਾ ਨਜ਼ਦੀਕ ਸਰਹੰਦ ਨਾਲ ਬੀਤੀ ਇਕ ਘਟਨਾ ਦਾ ਹਵਾਲਾ ਦੇਣਾ ਉਸੇ ਤੱਥ ਨੂੰ ਦੁਹਰਾਉਂਦਾ ਹੈ, ਜਿਹੜਾ ਕਲ੍ਹ ਦੇ ਇਤਿਹਾਸ ਵਿਚ ਭਾਈ ਤਾਰੂ ਸਿੰਘ ਜੀ ਨਾਲ ਵਾਪਰਿਆ ਸੀ।

ਭਾਈ ਪ੍ਰੀਤਮ ਸਿੰਘ ਭਰਪੂਰ ਗੁਰਸਿੱਖੀ ਜੀਵਨ ਵਾਲਾ ਜੀਵ ਹੈ ਜਿਸ ਨੂੰ ੧੯੫੫ ਵਿਚ ਕਰਤਾਰਪੁਰ (ਪਾਕਿਸਤਾਨ) ਦੇ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਦੀ ਇਤਨੀ ਤਾਂਘ ਰਹੀ ਕਿ ਉਹ ਸਰਹੱਦ ਪਾਰ ਕਰਕੇ ਰਾਤ ਦੇ ਹਨੇਰੇ ਵਿਚ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਪੁੱਜਾ, ਰੱਜ ਕੇ ਦਰਸ਼ਨ ਕੀਤੇ, ਪਾਠ ਕੀਤਾ, ਅਕਾਲ ਪੁਰਖ ਦਾ ਸ਼ੁਕਰਾਨਾ ਅਦਾ ਕੀਤਾ ਕਿ ਮਨ ਦੀ ਲੋਚਾ ਪੂਰੀ ਹੋ ਗਈ ਅਤੇ ਅਰਦਾਸ ਕਰਨ ਉਪਰੰਤ ਜਦ ਜੈਕਾਰਾ ਗਜਾਇਆ ਤਾਂ ਪਾਕਿਸਤਾਨੀ ਹੈਰਾਨ ਰਹਿ ਗਏ ਕਿ ਕੌਣ ਆ ਗਿਆ ? ਭਾਈ ਸਾਹਿਬ ਨੂੰ ਜਸੂਸ ਜਾਂ ਸਮਗਲਰ ਸਮਝ ਕੇ ਗ੍ਰਿਫਤਾਰ ਕਰ ਲਿਆ ਗਿਆ ਅਤੇ ਕੁਝ ਮਨਚਲਿਆਂ ਨੇ ਉਨ੍ਹਾਂ ਦੇ ਕੇਸਾਂ ਦੀ ਬੇਅਦਬੀ ਕਰਨੀ ਚਾਹੀ ਪਰ ਪੂਰਨ ਅੱਗੇ ਕੀਤੀ ਅਰਦਾਸ ਨੇ ਉਨ੍ਹਾਂ ਨੂੰ ਕੁਝ ਦੇਰ ਨਜ਼ਰਬੰਦ ਵੀ ਕੀਤਾ ਗਿਆ ਪਰ ਉਹ ਬਾਹਰੋਂ ਅਡੋਲ ਤੇ ਵਿਚੋਂ ਗਦ-ਗਦ ਸਨ ਕਿ ਗੁਰੂ ਨੇ ਨਿਮਾਣੇ ਸਿੱਖ ਦੀ ਪੈਜ਼ ਰੱਖ ਲਈ ਹੈ। ਆਖਰ ਕੁਝ ਦੇਰ ਮਗਰੋਂ ਸੰਤ ਰਣਧੀਰ ਸਿੰਘ ਜੀ ਦੇ ਯਤਨਾ ਸਦਕਾ ਉਨ੍ਹਾਂ ਨੂੰ ਰਿਹਾ ਕਰਵਾ ਕੇ ਭਾਰਤ ਲਿਆਂਦਾ ਗਿਆ। ਆਪਣੇ ਭਗਤਾਂ ਦੀ ਪੈਜ ਅਕਾਲ ਪੁਰਖ ਆਪ ਰੱਖਦਾ ਆਇਆ ਹੈ।

ਵਿਦੇਸ਼ੀ ਇਤਿਹਾਸ ਵਿਚ ਸੈਮਸਨ ਇਕ ਅਜਿਹਾ ਸੂਰਬੀਰ ਹੋਇਆ ਹੈ ਜਿਹੜਾ ਆਪਣੀ ਸ਼ਕਤੀ ਨਾਲ ਪੂਰੇ ਹਜੂਮ ਨੂੰ ਕੁੱਟ ਸੁੱਟਦਾ ਸੀ ਅਤੇ ਕੋਈ ਬੰਦਾ ਹੀਆ ਨਹੀਂ ਸੀ ਕਰਦਾ ਕਿ ਸੈਮਸਨ ਨਾਲ ਦੋ ਹੱਥ ਕਰੇ। ਬਾਈਬਲ ਵਿਚ ਅੰਕਿਤ ਹੈ ਕਿ ਦੂਜੇ ਪਾਸੇ ਫਿਲਸਤੀਨੀ ਉਸ ਨੂੰ ਖਤਮ ਵੀ ਜ਼ਰੂਰ ਕਰਨਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਨੇ ਇਕ ਲੜਕੀ ਜਿਸ ਦਾ ਨਾਂ 'ਡਲੇਲਾ' ਸੀ ਸੈਮਸਨ ਦੇ ਨੇੜੇ ਕੀਤਾ। ਜਿਸ ਨੇ ਉਸ ਨਾਲ ਪਿਆਰ ਸਾਂਝ ਪਾ ਕੇ ਉਸ ਦੀ ਸ਼ਕਤੀ ਦਾ ਕਾਰਨ ਪੁੱਛਣ ਦੀ ਯੋਜਨਾ ਬਣਾਈ। ਸੈਮਸਨ ਨੇ ਉਸ ਨੂੰ ਦੱਸਿਆ ਕਿ ਸਾਰੀ ਸ਼ਕਤੀ ਉਸ ਦੇ ਕੇਸਾਂ ਕਾਰਨ ਪਰਮਾਤਮਾ ਪਾਸੋਂ ਉਸ ਨੂੰ ਮਿਲਦੀ ਹੈ। ਫਿਰ ਕੀ ਸੀ ਜਦ ਭੇਤ ਪਤਾ ਲੱਗ ਗਿਆ ਤਾਂ ਡਲੇਲਾ ਨੇ ਸੈਮਸਨ ਨੂੰ ਚਕਮੇ ਵਿਚ ਲਿਆ ਕੇ ਸੁੱਤੇ ਪਏ ਦੇ ਕੇਸ ਕੱਟ ਦਿੱਤੇ ਅਤੇ ਇਸ ਤਰ੍ਹਾਂ ਸੈਮਸਨ ਸ਼ਕਤੀਹੀਨ ਹੋ ਕੇ ਫਿਲਸਤੀਨੀਆਂ ਹੱਥੋਂ ਮਾਰਿਆ ਗਿਆ।

ਇਸ ਦੇ ਉਲਟ ਇਕ ਗੱਲ ਸਿੱਖ ਖੇਤਰ ਵਿਚ ਵੀ ਪ੍ਰਚੱਲਤ ਹੈ। ਕਹਿੰਦੇ ਹਨ-ਪ੍ਰੋ: ਗੰਗਾ ਸਿੰਘ ਜਿਹੜਾ ਸਿੱਖ ਇਤਿਹਾਸ ਦਾ ਬੜਾ ਗਿਆਤਾ ਅਤੇ ਬੇਨਜ਼ੀਰ ਬੁਲਾਰਾ ਸੀ ਜਦ ਇੰਗਲੈਂਡ ਗਿਆ ਤਾਂ ਇਕ ਗੋਰੀ ਉਸ ਨੂੰ ਬਹੁਤ ਪਿਆਰ ਕਰਨ ਲੱਗ ਪਈ। ਗੋਰੀ ਨੂੰ ਵਧੇਰੇ ਖੁਸ਼ ਕਰਨ ਲਈ ਉਸ ਨੇ ਆਪਣੇ ਕੇਸ ਕਤਲ ਕਰਵਾ ਦਿੱਤੇ। ਅਗਲੇ ਦਿਨ ਗੋਰੀ ਨੇ ਜਦ ਪ੍ਰੋਫੈਸਰ ਨੂੰ ਸਿਰ ਮੂੰਹ ਮੁੰਨਿਆਂ ਵੇਖਿਆ ਤਾਂ ਹੈਰਾਨ ਰਹਿ ਗਈ, ਚੁੱਪ ਚਪੀਤੇ ਉਥੋਂ ਤੁਰ ਗਈ ਤੇ ਫਿਰ ਕਦੇ ਉਸ ਦੇ ਨੇੜੇ ਨਾ ਆਈ। ਇਕ ਵਾਰੀ ਪ੍ਰੋ: ਗੰਗਾ ਸਿੰਘ ਵਿਸ਼ੇਸ਼ ਤੌਰ 'ਤੇ ਉਸ ਨੂੰ ਮਿਲਣ ਗਿਆ, ਪਰ ਉਸ ਨੇ ਉਸ ਵੱਲ ਕੋਈ ਦਿਲਚਸਪੀ ਨਾ ਦਿਖਾਈ। ਪ੍ਰੋਫੈਸਰ ਨੇ ਇਸ ਦਾ ਕਾਰਨ ਪੁੱਛਿਆ। ਤਾਂ ਗੋਰੀ ਨੇ ਕਿਹਾ-ਤੇਰੇ ਕੇਸਾਂ ਦਾੜ੍ਹੀ ਵਾਲੇ ਸਰੂਪ ਵਿਚੋਂ ਮੈਨੂੰ ਈਸਾ ਦੇ ਦਰਸ਼ਨ ਹੁੰਦੇ ਸਨ ਜਿਸ ਕਰਕੇ ਮੈਂ ਤੇਨੂੰ ਬੇਹੱਦ ਪਿਆਰ ਕਰਦੀ ਸੀ, ਪਰ ਕੇਸ ਕਟਵਾਉਣ ਮਗਰੋਂ ਈਸਾ ਅਲੋਪ ਹੋ ਗਿਆ। ਮੇਰਾ ਇਸ਼ਕ ਈਸਾ ਨਾਲ ਸੀ ਤੇ ਉਹ ਹੁਣ ਤੇਰੇ ਵਿਚ ਨਹੀਂ। ਇਸ ਲਈ ਤੂੰ ਮੇਰੇ ਲਈ ਹੁਣ ਕੋਈ ਖਿਚ ਨਹੀਂ ਰੱਖਦਾ। ਗੱਲ ਕੁਝ ਇਵੇਂ ਹੋਈ ਜਿਵੇ ਸ਼ੇਅਰ ਵਿਚ ਲਿਖਿਆ ਹੈ-

ਉਸ ਸ਼ੋਖ ਕੀ ਖਾਤਰ ਹਮ ਮੁਸਲਮ ਸੇ ਹੂਏ ਹਿੰਦੂ,
ਔਰ ਜ਼ਾਲਮ ਕੋ ਮੇਰੀ ਜ਼ਿਦ ਪਰ ਇਸਲਾਮ ਪਸੰਦ ਆਇਆ।

ਗੱਲ ਵਿਚ ਕਿਤਨੀ ਕੁ ਸਚਾਈ ਹੈ ਇਹ ਤਾਂ ਪ੍ਰੋਫੈਸਰ ਗੰਗਾ ਸਿੰਘ ਹੀ ਸਹੀ ਜਾਣਦਾ ਹੋਵੇਗਾ ਪਰ ਉਪਰੋਕਤ ਵਾਰਤਾਲਾਪ ਵਿਚੋਂ ਕੇਸਾਂ ਦੀ ਮਹੱਤਤਾ ਤੇ ਸੁਹੱਪਣ ਦੇ ਦਰਸ਼ਨ ਜ਼ਰੂਰ ਹੁੰਦੇ ਹਨ।

ਗੁਰੂ ਗੋਬਿੰਦ ਸਿੰਘ ਜੀ ਨੇ ਕੇਸਾਂ ਨੂੰ ਆਪਣੀ ਮੋਹਰ ਕਿਹਾ ਹੈ ਅਤੇ ਹਰ ਸਿੱਖ ਲਈ ਇਹ ਬੰਦਸ਼ ਲਗਾਈ ਹੈ ਕਿ ਉਹ ਆਪਣੇ ਸਿਰ 'ਤੇ ਕੇਸ ਰੱਖੇ। ਉਨ੍ਹਾਂ ਦੇ ਕਥਨ ਅਨੁਸਾਰ ਉਨ੍ਹਾਂ ਦਾ ਸਰੀਰ ਪੰਥ ਵਿਚ ਸਮੋਇਆ ਹੈ ਅਤੇ ਆਤਮਾ ਗਰੰਥ ਵਿਚ ਬਿਰਾਜਮਾਨ ਹੈ। ਇਸ ਲਈ ਜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਖਾਲਸੇ ਨੂੰ ਆਪਣਾ ਰੂਪ ਸਮਝਦੇ ਹਨ ਤਾਂ ਖਾਲਸੇ ਦਾ ਵੀ ਫ਼ਰਜ਼ ਬਣਦਾ ਹੈ ਕਿ ਉਹ ਆਪਣੇ ਗੁਰੂ ਦਾ ਸਰੂਪ ਧਾਰੇ ਤਾਂ ਹੀ ਉਹ ਗੁਰੂ ਦੀ ਮਿਹਰ ਅਤੇ ਨਿਕਟਤਾ ਦਾ ਪਾਤਰ ਹੋ ਸਕਦਾ ਹੈ।

ਗੁਰਵਾਕ ਹਨ-

ਜਬ ਲਗ ਰਹੇ ਖਾਲਸਾ ਨਿਆਰਾ।
ਤਬ ਲਗ ਤੇਜ ਦਿਉ ਮੈਂ ਸਾਰਾ।
ਜਬ ਇਹ ਗਹੇ ਬਿਪਰਨ ਕੀ ਰੀਤ।
ਮੈ ਨ ਕਰੂੰ ਇਨ ਕੀ ਪਰਤੀਤ।

ਤਵਾਰੀਖ ਗੁਰੂ ਖਾਲਸਾ ਭਾਗ ੧, ਹਿੱਸਾ ੩, ਪੰਨਾ ੬੩੯ ਵਾਰਤਕ ਸੂਰਜ ਪ੍ਰਕਾਸ਼ ਕ੍ਰਿਤ ਭਾਈ ਗਿਆਨ ਸਿੰਘ ਜੀ ਗਿਆਨੀ ਦੀ ੬੨ਵੀਂ ਸਾਖੀ ਵਿਚ ਦਰਜ ਕਥਾ ਸੰਖੇਪ ਰੂਪ ਵਿਚ ਇਥੇ ਦਰਜ ਕਰਨੀ ਉਚਿਤ ਹੋਵੇਗੀ। ਜਿਸ ਅਨੁਸਾਰ ਸਿੱਖਾਂ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਪੁੱਛਿਆ ਕਿ ਸਭ ਧਰਮਾਂ ਦੇ ਰਿਸ਼ੀਆਂ ਮੁਨੀਆਂ ਦੇ ਕੇਸ ਹੋਣ ਦੇ ਬਾਵਜੂਦ ਇਨ੍ਹਾਂ ਨੂੰ ਕੱਟਣ ਦੀ ਭੈੜੀ ਰੀਤੀ ਕਿਵੇਂ ਸ਼ੁਰੂ ਹੋਈ ? ਜਿਸ ਦੇ ਜਵਾਬ ਵਿਚ ਇਹ ਦੱਸਿਆ ਗਿਆ, ਕਿ-

"ਇਕ ਸ਼ੂਦਰ ਰਾਜਾ ਨੰਦ ਚੰਦ ਅਜਿਹਾ ਬਲੀ ਸੀ ਕਿ ਉਸ ਨੇ ਕਈ ਉਚ ਕੋਟੀ ਦੇ ਰਾਜਿਆਂ ਨੂੰ ਭਾਜਾਂ ਦਿੱਤੀਆਂ। ਹਾਰੇ ਹੋਏ ਰਾਜੇ ਬਿਪਰਾਂ (ਬ੍ਰਾਹਮਣਾਂ) ਕੋਲ ਗਏ ਕਿ ਉਹ ਆਪਣੇ ਜਪ ਤਪ ਤੇ ਮੰਤਰਾਂ ਨਾਲ ਰਾਜਾ ਨੰਦ ਚੰਦ ਦਾ ਵਿਨਾਸ਼ ਕਰਨ। ਰਾਜੇ ਨੇ ਉਨ੍ਹਾਂ ਬ੍ਰਾਹਮਣਾਂ ਨੂੰ ਜਾਨੋਂ ਮਾਰਨ ਦੇ ਆਦੇਸ਼ ਦਿਤੇ ਜਿਹੜੇ ਉਸ ਵਿਰੁਧ ਮੰਤਰ ਪੜ੍ਹਨ ਵਿਚ ਜੁਟੇ ਹੋਏ ਸਨ, ਪਰ ਉਸ ਦੇ ਵਜ਼ੀਰ ਨੇ ਉਸ ਨੂੰ ਸਲਾਹ ਦਿੱਤੀ ਕਿ ਬ੍ਰਾਹਮਣਾਂ ਦੀ ਹੱਤਿਆ ਦਾ ਪਾਪ ਆਪਣੇ ਸਿਰ ਨਾ ਲਵੇ ਸਗੋਂ ਉਨ੍ਹਾਂ ਦਾ ਸਿਰ ਮੁੰਨ ਕੇ ਛੱਡ ਦੇਵੇ, ਇਵੇਂ ਉਹ ਜਪ ਤਪ ਤੋਂ ਵੰਚਤ ਹੋ ਜਾਣਗੇ। ਫਿਰ ਇਵੇਂ ਹੀ ਹੋਇਆ ਪਰ ਪਤਿਤ ਹੋਏ ਅਜਿਹੇ ਬ੍ਰਾਹਮਣਾਂ ਨੇ ਇਸ ਦੂਖਣ ਨੂੰ ਭੂਖਣ ਕਰਕੇ ਪ੍ਰਕਾਸ਼ਿਤ ਕਰ ਦਿੱਤਾ ਅਤੇ ਆਪਣੀ ਬੇਸ਼ਰਮੀ ਨੂੰ ਲੁਕਾਉਣ ਲਈ ਮੁੰਡਨ ਦੀ ਸ਼ਲਾਘਾ ਵਿਚ ਕਈ ਸਲੋਕ ਵੀ ਰਚੇ ਅਤੇ ਉਨ੍ਹਾਂ ਨੂੰ ਪੁਰਾਣੇ ਗਰੰਥਾਂ ਵਿਚ ਪਾ ਦਿੱਤਾ। ਨਤੀਜੇ ਵਜੋਂ ਇਨ੍ਹਾਂ ਨੂੰ ਪੜ੍ਹ ਸੁਣ ਕੇ ਅਨਪੜ੍ਹ ਤੇ ਭੋਲੇ-ਭਾਲੇ ਲੋਕਾਂ ਨੇ ਕੇਸਾਂ ਨੂੰ ਕਤਲ ਕਰਨਾ ਆਰੰਭ ਕਰ ਦਿੱਤਾ, ਜਿਸ ਤੋਂ ਮੁੰਡਨ ਦਾ ਰਿਵਾਜ ਪਿਆ।"

ਇਸ ਤੋਂ ਪਹਿਲਾਂ ਹਿੰਦੂਆਂ ਵਿਚ ਕੇਸਾਂ ਦਾ ਮੁੰਡਨ ਹੋਰ ਅਰਥਾਂ ਵਿਚ ਹੁੰਦਾ ਸੀ ਕਿ ਉਹ ਕੇਸਾਂ ਨੂੰ ਸਭ ਤੋਂ ਕੀਮਤੀ ਵਸਤੂ ਸਮਝਦੇ ਸਨ ਅਤੇ ਜਦ ਕਿਸੇ ਦੇਵੀ ਦੇਵਤੇ ਅੱਗੇ ਕੋਈ ਭੇਟਾ ਰੱਖਣੀ ਹੋਵੇ ਤਾਂ ਉਹ ਆਪਣਾ ਸਿਰ ਮੁੰਡਵਾ ਕੇ ਕੇਸ ਭੇਟ ਕਰਦੇ ਸਨ ਕਿਉਂਕਿ ਉਨ੍ਹਾਂ ਦੀਆਂ ਨਜ਼ਰਾਂ ਵਿਚ ਇਸ ਤੋਂ ਵਡਮੁੱਲੀ ਦਾਤ ਹੋਰ ਕੋਈ ਨਹੀਂ ਸੀ। ਕਈ ਥਾਈਂ ਜ਼ਿਕਰ ਆਉਂਦਾ ਹੈ ਕਿ ਮੁਸਲਮਾਨ ਮੱਕੇ ਜਾ ਕੇ ਆਪਣੀ ਦਾੜ੍ਹੀ ਦੇ ਰੋਮ ਭੇਟ ਕਰਦੇ ਹਨ ਅਤੇ ਪੁਰਾਣੇ ਸਮਿਆਂ ਵਿਚ ਇਸਰਾਈਲੀ ਵੀ ਕੇਸਾਂ ਦੀ ਦਾਤ ਹੀ ਚੜ੍ਹਾਵੇ ਵਜੋਂ ਚੜ੍ਹਾਇਆ ਕਰਦੇ ਸਨ। ਪਰ ਅੱਜ ਇਤਨੀ ਵਡਮੁੱਲੀ ਵਸਤੂ ਦੀ ਕਿਤਨੀ ਨ-ਕਦਰੀ ਹੋ ਰਹੀ ਹੈ, ਇਹ ਸਾਥੋਂ ਲੁਕੀ-ਛਿਪੀ ਨਹੀਂ।

ਅੱਜ ਵੀ ਕੁਝ ਲੋਕੀਂ ਕੇਸਾਂ ਨੂੰ ਕਟਵਾਉਣ ਬਾਰੇ ਇਹ ਥੋਥੀ ਦਲੀਲ ਦਿੰਦੇ ਹਨ ਕਿ ਕੇਸ ਜਲਦੀ ਗੰਦੇ ਹੋ ਜਾਂਦੇ ਹਨ ਅਤੇ ਅਸਵਛਤਾ ਪੈਦਾ ਕਰਦੇ ਹਨ। ਇਹ ਗੱਲ ੧੫, ੧੬, ੧੭ਵੀਂ ਸਦੀ ਵਿਚ ਕੋਈ ਕਹੇ ਤਾਂ ਇਸ ਦੇ ਕੁਝ ਅਰਥ ਹੋ ਸਕਦੇ ਹਨ ਪਰ ਅੱਜ ਜਦ ਕਿ ਨਵੇਂ ਨਵੇਂ ਤੇ ਖ਼ੂਬਸੂਰਤ ਖ਼ੁਸ਼ਬੂਦਾਰ ਸ਼ੈਂਪੂ, ਸਾਬਣ ਤੇ ਹੋਰ ਸਫ਼ਾਈ ਸਾਧਨ ਉਪਲਬਧ ਹਨ ਇਹ ਗੱਲ ਕੋਈ ਵਜ਼ਨ ਨਹੀਂ ਰੱਖਦੀ। ਜੇ ਪੁਰਾਤਨ ਸਦੀਆਂ ਦੇ ਮਨੁੱਖ ਇਨ੍ਹਾਂ ਸੁਵਿਧਾਵਾਂ ਦੀ ਅਣਹੋਂਦ ਵਿਚ ਵੀ ਕੇਸਾਂ ਨੂੰ ਪੂਰਾ ਮਾਣ-ਸਤਿਕਾਰ ਦੇ ਸਕਦੇ ਰਹੇ ਹਨ ਤੇ ਇਨ੍ਹਾਂ ਨੂੰ ਸਵੱਛ ਰੱਖ ਕੇ ਆਪਣੇ ਸਰੀਰ ਦਾ ਅੰਗ ਸਮਝਦੇ ਰਹੇ ਹਨ ਤਾਂ ਆਧੁਨਿਕ ਮਨੁੱਖ ਨੂੰ ਇਨ੍ਹਾਂ ਵਿਚੋਂ ਅਸਵਛਤਾ ਵਾਲੀ ਕੋਈ ਗੱਲ ਕਢਣੀ ਬੇਤੁਕੀ ਹੈ। ਔਰਤਾਂ ਅੱਜ ਵੀ ਤੇ ਪੁਰਾਣੇ ਜ਼ਮਾਨੇ ਵਿਚ ਵੀ ਕੇਸਾਂ ਨੂੰ ਬੜੇ ਪਿਆਰ ਨਾਲ ਸੰਭਾਲਦੀਆਂ ਸਨ ਤੇ ਇਨ੍ਹਾਂ ਨੂੰ ਸੰਵਾਰਨ ਵਿਚ ਬੜਾ ਟਾਈਮ ਲਗਾਉਂਦੀਆਂ ਹਨ ਕਿਉਂਕਿ ਇਹ ਉਨ੍ਹਾਂ ਦੀ ਸੁੰਦਰਤਾ ਨੂੰ ਚਾਰ ਚੰਨ ਲਗਾਂਦੇ ਹਨ। ਕੇਸ ਸੁੰਦਰਤਾ ਦੇ ਸੂਚਕ ਤਾਂ ਹੋ ਸਕਦੇ ਹਨ, ਕਰੂਪਤਾ ਦੇ ਬਿਲਕੁਲ ਨਹੀਂ।

ਕੇਸਾਂ ਦੀ ਮਹੱਤਤਾ ਨੂੰ ਦਰਸਾਉਂਦੇ ਕਈ ਮੁਹਾਵਰੇ ਅਖਾਣ ਤੇ ਅਖੌਤਾਂ ਵੀ ਸਾਡੀ ਭਾਸ਼ਾ ਤੇ ਸਭਿਆਚਾਰਕ ਜੀਵਨ ਵਿਚ ਮੌਜੂਦ ਹਨ। ਜਦ ਕੋਈ ਪੰਜਾਬੀ ਕਿਸੇ ਕੰਮ ਜਾਂ ਗੱਲ ਬਾਰੇ ਨਿਸ਼ਚਿਤ ਹੁੰਦਾ ਹੈ ਅਤੇ ਦੂਜੇ 'ਤੇ ਆਪਣੀ ਗੱਲ ਦੇ ਸਹੀ ਹੋਣ ਦਾ ਪ੍ਰਭਾਵ ਪਾਉਣ ਲਈ ਜ਼ੋਰ ਦੇਂਦਾ ਹੈ ਤਾਂ ਆਮ ਆਦਮੀ ਇਹੀ ਕਹਿੰਦਾ ਹੈ ਕਿ ਜੇ ਇਹ ਗੱਲ ਇਵੇਂ ਨਾ ਹੋਈ ਤਾਂ ਉਹ ਆਪਣਾ ਸਿਰ ਮੂੰਹ ਮੁਨਾ ਦੇਵੇਗਾ। ਇਸ ਦਾ ਮਤਲਬ ਇਹ ਹੀ ਹੋਇਆ ਕਿ ਸਾਡੇ ਪੰਜਾਬੀ ਸਭਿਆਚਾਰ ਵਿਚ ਕੇਸ ਦਾੜ੍ਹੀ ਬਹੁਤ ਵਡਮੁੱਲੀਆਂ ਚੀਜ਼ਾਂ ਹਨ। ਕੇਸਾਂ ਬਾਰੇ ਜਦ ਕੋਈ ਗੱਲ ਚਲ ਪਵੇ ਤਾਂ ਕੋਈ ਨਾ ਸਮਝੀ ਭਰੀ ਦਲੀਲ ਇਹ ਵੀ ਦੇਂਦੇ ਹਨ ਕਿ ਸਿੱਖ ਕੇਸ ਦਾੜ੍ਹੀ ਕਿਉਂ ਰਖਦੇ ਹਨ ? ਕਿਤਨੀ ਥੋਥੀ ਤੇ ਬੇਲੋੜੀ ਜਹੀ ਗੱਲ ਹੈ। ਕੇਸ ਤਾਂ ਵਾਹਿਗੁਰੂ ਦੀ ਦਾਤ ਹੈ ਉਸੇ ਤਰ੍ਹਾਂ ਜਿਵੇਂ ਹੋਰ ਅੰਗ ਹਨ। ਸਵਾਲ ਤਾਂ ਇਹ ਹੋਣਾ ਚਾਹੀਦਾ ਹੈ ਕਿ ਜਿਹੜੇ ਕੇਸ ਕਟਵਾਂਦੇ ਹਨ ਉਹ ਕਟਵਾਂਦੇ ਕਿਉਂ ਹਨ। ਕਿਉਂਕਿ ਕੇਸ ਕਟਵਾਣ ਦਾ ਕਰਮ ਕੁਦਰਤ ਦੇ ਨਿਯਮ ਤੋਂ ਉਲਟ ਹੈ। ਜੇ ਅਸੀਂ ਕੁਦਰਤ ਵਲੋਂ ਦਿਤੇ ਹੋਰ ਅੰਗਾਂ ਨੂੰ ਨਹੀਂ ਕਟਵਾਂਦੇ ਤਾਂ ਕੇਸਾਂ ਨਾਲ ਅਜਿਹਾ ਕਰਨਾ ਕਿਥੋਂ ਤਕ ਜਾਇਜ਼ ਹੈ ?

ਸਾਇੰਸ ਦੀ ਅਜੋਕੀ ਖੋਜ ਨੇ ਕੇਸ ਰੱਖਣ ਦੇ ਕਈ ਗੁਣਾਂ ਬਾਰੇ ਚਾਨਣਾ ਪਾਇਆ ਪਰ ਗੁਰੂ ਦਾ ਸਿੱਖ ਤਾਂ ਆਪਣੇ ਗੁਰੂ ਦੇ ਹੁਕਮ ਵਿਚ ਆ ਕੇ ਕੇਸਾਂ ਨੂੰ ਉਸ ਮਹਾਨ ਗੁਰੂ ਦੀ ਬਖਸ਼ਸ਼ ਸਮਝ ਕੇ ਸਤਿਕਾਰਦਾ ਹੈ। ਜਿਵੇਂ ਬਾਬਾ ਆਲਾ ਸਿੰਘ ਵਰਗੀਆਂ ਮਹਾਨ ਆਤਮਾਵਾਂ ਦਾ ਵਰਣਨ ਇਤਿਹਾਸ ਵਿਚ ਆਉਂਦਾ ਹੈ। ਜਿਨ੍ਹਾਂ ਅਹਿਮਦ ਸ਼ਾਹ ਅਬਦਾਲੀ ਨੂੰ ਸਵਾ ਲੱਖ ਰੁਪਏ ਹਰਜਾਨਾ ਭਰ ਦਿੱਤਾ ਪਰ ਕੇਸ ਕਟਵਾਉਣ ਦੀ ਸ਼ਰਤ ਨੂੰ ਨਾ ਮੰਨਿਆ ਅਤੇ ਆਪਣੀ

ਰੋਜ਼ ਦੀ ਅਰਦਾਸ ਅਨੁਸਾਰ ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ। ਗੁਰੂ ਅਰਜਨ ਦੇਵ ਜੀ ਨੇ ਵੀ ਸ੍ਰੀ ਗੁਰੂ ਗਰੰਥ ਸਾਹਿਬ ਦੇ ਪੰਨਾ ੧੦੮੪ 'ਤੇ ਦਿਤੇ ਸ਼ਬਦ 'ਸਾਬਤ ਸੂਰਤ ਦਸਤਾਰ ਸਿਰਾ' ਵਿਚ ਆਪਣੇ ਸਿੱਖਾਂ ਨੂੰ ਸੰਬੋਧਨ ਕਰਦਿਆਂ ਲਿਖਿਆ ਹੈ ਕਿ-

> "ਤੁਹਾਡਾ ਸਰੀਰ ਸ਼ੁਭ ਕਰਮ ਕਰੇ, ਤੁਸੀਂ ਇਸ ਸੰਸਾਰ ਵਿਚ ਰਹਿੰਦੇ ਹੋਏ ਪ੍ਰਸੰਨਚਿਤ ਰਹੋ, ਪਰ ਇਸ ਦੇ ਨਾਲ ਪਰਮਾਤਮਾ ਵਲੋਂ ਦਿਤੇ ਹੋਏ ਸਰੂਪ ਨੂੰ ਪੂਰੀ ਤਰ੍ਹਾਂ ਬਰਕਰਾਰ ਰੱਖੋ ਅਤੇ ਆਪਣੇ ਸਿਰਾਂ ਉਤੇ ਪਗੜੀ ਜ਼ਰੂਰ ਬੰਨ੍ਹੋ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬੜੇ ਸਪੱਸ਼ਟ ਸ਼ਬਦਾਂ ਵਿਚ ਕੇਸਾਂ ਦੀ ਮਹੱਤਤਾ ਬਾਰੇ ਸਾਨੂੰ ਸੁਚੇਤ ਕੀਤਾ ਹੈ ਕਿ ਉਸੇ ਨੂੰ ਹੀ ਰੱਬ ਦਾ ਸਹੀ ਸੇਵਕ ਸਮਝਿਆ ਜਾਵੇਗਾ ਜਿਹੜਾ ਪਰਮਾਤਮਾ ਦੀ ਦਿੱਤੀ ਹੋਈ ਦਾਤ (ਕੇਸਾਂ) ਨੂੰ ਸੰਭਾਲ ਕੇ ਰੱਖੇਗਾ। ਇਹ ਕੇਸ ਹੀ ਉਸ ਨੂੰ ਰੱਬ ਦੇ ਦਰਬਾਰ ਵਿਚ ਦਾਖਲ ਹੋਣ ਦਾ ਮਾਣ ਹੋਣਗੇ ਕਿਉਂਕਿ ਕੇਸ ਵਿਅਕਤੀ ਨੂੰ ਪਵਿੱਤਰ ਅਤੇ ਉੱਚਾ ਮੁਰਾਤਬਾ ਬਖਸ਼ਦੇ ਹਨ। ਸੰਬੰਧਤ ਵਿਚਾਰ ਬਾਰੇ ਜਨਮ ਸਾਖੀ ਦੀਆਂ ਪੰਗਤੀਆਂ ਇਵੇਂ ਹਨ-

ਸੱਚੀ ਸੁੰਨਤ ਰਬ ਦੀ ਮੁਇ (ਕੇਸ) ਲੈ ਆਇਆ ਨਾਲ।
ਜੋ ਰਖੇ ਮੁਇ ਅਮਾਨਤੀ ਸੋ ਖਾਸਾ ਬੰਦਾ ਭਾਲ।
ਫਿਰ ਗਿਆ ਦਰਗਾਹ ਵਿਚ ਅੱਗੇ ਰੱਖ ਨਿਸ਼ਾਨ।
ਹੋਰ ਦਰਗਾਹ ਢੋਈ ਨਾ ਲਹਿਨ.........
ਅਵਲ ਸੁੰਨਤ ਮੁਇ ਹੈ ਸਿਰ ਪਰ ਰਖੇ ਜੋਇ।
ਪਾਵੇ ਮੁਰਾਤਬ ਸਯਾਈ ਵੱਡਾ ਰਿਖੀਸਰ ਹੋਏ।

ਭਾਵੇਂ ਕੇਸ ਰੱਖਣ ਦੀ ਵਿਧੀ ਪੂਰਬਕ ਬੰਦਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੀ ਸਿੰਘਾਂ ਉਤੇ ਲਗਾਈ, ਪਰ ਉਪਰੋਕਤ ਹਵਾਲਿਆਂ ਤੋਂ ਸਪੱਸ਼ਟ ਤੌਰ 'ਤੇ ਪਤਾ ਲਗਦਾ ਹੈ ਕਿ ਉਹਨਾਂ ਤੋਂ ਪਹਿਲਾਂ ਵੀ ਸਿੱਖ ਅਤੇ ਸਿੱਖ ਗੁਰੂ ਸਾਹਿਬਾਨ ਕੇਸਾਧਾਰੀ ਸਨ। ਭਾਈ ਗੁਰਦਾਸ ਜੀ, ਭਾਈ ਨੰਦ ਲਾਲ ਜੀ, ਭਾਈ ਦਿਆਲਾ ਜੀ, ਭਾਈ ਘਨੱਯਾ ਜੀ, ਬਾਬਾ ਬੁੱਢਾ ਜੀ ਕੇਸਾਧਾਰੀ ਗੁਰਸਿੱਖ ਸਨ। ਕੇਸਾਂ ਵਾਲੇ ਅੰਮ੍ਰਿਤਧਾਰੀ ਸਿੱਖਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੰਘ ਦੀ ਉਪਾਧੀ ਦਿੱਤੀ; ਜਿਹੜੇ ਮੈਦਾਨਿ-ਜੰਗ ਵਿਚ ਸਿੰਘਾਂ ਵਾਂਗਰ ਗਰਜੇ ਤੇ ਧਰਮ-ਯੁੱਧ ਵਿਚ ਦੁਸ਼ਮਣਾਂ ਦੇ ਛੱਕੇ ਛੁਡਾਏ (ਸਿੰਘ ਸ਼ੇਰ ਨੂੰ ਕਹਿੰਦੇ ਹਨ ਅਤੇ ਸ਼ੇਰ ਹੀ ਇਕ ਅਜਿਹਾ ਬਹਾਦਰ ਜਾਨਵਰ ਹੈ ਜਿਸ ਦੇ ਸਿਰ 'ਤੇ ਵਾਲ ਹਨ)।

ਗੁਰਬਾਣੀ ਵਿਚ ਵੀ ਕੇਸਾਂ ਦਾ ਹਵਾਲਾ ਕਈ ਥਾਈਂ ਆਇਆ ਹੈ:

੧- ਕੇਸ ਸੰਗਿ ਦਾਸ ਪਗ ਝਾਰਉ,
ਇਹੈ ਮਨੋਰਥ ਮੋਰ ॥ (ਗੂਜਰੀ ਮ: ੫-੫੦੦)

੨- ਕੇਸਾ ਕਾ ਕਰਿ ਚਵਰੁ ਢੁਲਾਵਾ,
ਚਰਣ ਧੂੜਿ ਮੁਖਿ ਲਾਈ ॥ (ਸੂਹੀ ਮ: ੫-੭੪੯)

੩- ਕੇਸਾ ਕਾ ਕਰਿ ਬੀਜਨਾ,
ਸੰਤ ਚਉਰੁ ਢੁਲਾਵਉ ॥ (ਸੂਹੀ ਮ: ੫-੭੪੫)

੪- "ਦਿਵਸ ਰੈਨਿ ਤੇਰੇ ਪਾਉ ਪਲੋਸਉ ਕੇਸ ਚਵਰ ਕਰਿ ਫੇਰੀ ॥" (ਰਾਮਕਲੀ, ੯੬੯)

ਆਦਿ ਪੰਗਤੀਆਂ ਵਿਚ ਕੇਸਾਂ ਨੂੰ ਇਤਨਾ ਪਵਿੱਤਰ, ਉੱਤਮ ਤੇ ਬਹੁ-ਮੁੱਲਾ ਦਰਸਾਇਆ ਗਿਆ ਹੈ ਕਿ ਇਨ੍ਹਾਂ ਨਾਲ ਅਕਾਲ ਪੁਰਖ ਵਾਹਿਗੁਰੂ ਨੂੰ ਚਵਰ ਕਰਨਾ ਸੋਭਦਾ ਹੈ। ਸਿੱਖ ਲਈ ਕੇਸਾਂ ਦੀ ਮਹੱਤਤਾ ਦਾ ਵਰਣਨ ਸ਼ਬਦਾਂ ਵਿਚ ਕਰਨਾ ਔਖਾ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅੰਮ੍ਰਿਤ ਦੀ ਦਾਤ ਬਖਸ਼ਣ ਸਮੇਂ ਇਨ੍ਹਾਂ ਨੂੰ ਪੰਜ ਕਕਾਰਾਂ ਵਿਚੋਂ ਪ੍ਰਥਮ ਕਕਾਰ ਦਾ ਰੁਤਬਾ ਬਖਸ਼ਿਆ ਹੈ। ਕੇਸਾਂ ਦੀ ਸੰਭਾਲ ਲਈ ਇਨ੍ਹਾਂ ਨੂੰ ਦਸਤਾਰ ਨਾਲ ਢਕ ਕੇ ਰੱਖਣ ਲਈ ਗੁਰੂ ਸਾਹਿਬਾਨ ਨੇ ਵਿਸ਼ੇਸ਼ ਤਾਕੀਦ ਕੀਤੀ।

ਇਸ ਤਰ੍ਹਾਂ ਕੇਸਾਂ ਦੇ ਨਾਲ-ਨਾਲ ਦਸਤਾਰ ਦੀ ਵੀ ਮਹੱਤਤਾ ਸਿੱਖ ਲਈ ਪਰਮ ਸਰੇਸ਼ਟ ਬਣ ਗਈ ਤੇ ਇਹ ਸਿੱਖ ਦਾ ਧਾਰਮਿਕ ਚਿੰਨ੍ਹ ਬਣ ਗਿਆ। ਇਸ ਚਿੰਨ੍ਹ ਨੂੰ ਕਾਇਮ ਰੱਖਣ ਲਈ ਸਿੱਖਾਂ ਨੂੰ ਬਦੇਸ਼ਾਂ ਵਿਚ ਬਹੁਤ ਤਕਲੀਫ਼ਾਂ ਝਲਣੀਆਂ ਪਈਆਂ, ਮੋਰਚੇ ਲਗਾਉਣੇ ਪਏ, ਜਦੋ-ਜਹਿਦਾਂ ਕਰਨੀਆਂ ਪਈਆਂ, ਪਰ ਗੁਰੂ ਦੇ ਸਿੰਘਾਂ ਨੇ ਹਾਲਾਤਾਂ ਨਾਲ ਸਮਝੌਤਾ ਨਹੀਂ ਕੀਤਾ ਤੇ ਦਸਤਾਰ ਸਜਾਉਣ ਦੇ ਮਜ਼ਬੀ ਹੱਕ ਨੂੰ ਸੁਰੱਖਿਅਤ ਕਰਵਾਉਣ ਲਈ ਹਰ ਪਰਕਾਰ ਦੀ ਕੁਰਬਾਨੀ ਦੇਣੀ ਪਰਵਾਨ ਕੀਤੀ। ਕੁਝ ਇਕ ਹਵਾਲੇ ਸੰਖੇਪ ਰੂਪ ਵਿਚ ਅੰਕਤ ਕਰਨ ਨਾਲ ਇਹ ਗੱਲ ਸਪੱਸ਼ਟ ਹੋ ਜਾਵੇਗੀ ਕਿ ਜੇ ਦਸਤਾਰ ਕੇਸਾਂ 'ਤੇ ਰੱਖਣ ਲਈ ਅਸੀਂ ਵੱਡੀ ਤੋਂ ਵੱਡੀ ਕੁਰਬਾਨੀ ਕਰ ਸਕਦੇ ਹਾਂ ਤਾਂ ਕੇਸਾਂ ਦੀ ਹਸਤੀ ਕਾਇਮ ਰੱਖਣ ਲਈ ਅਸੀਂ ਕੀ ਨਹੀਂ ਕਰ ਸਕਦੇ ?

ਬਰਿਟਸ਼ ਇੰਮਪੀਰੀਅਲ ਵਾਰ ਮਿਊਜ਼ੀਅਮ ਲੰਡਨ ਨੂੰ ਜਦ ਇਹ ਲੇਖਕ ਵੇਖ ਰਿਹਾ ਸੀ ਤਾਂ ਉਸ ਵਿਚ ਇਕ ਝਾਕੀ ਅਜਿਹੀ ਵੀ ਵੇਖਣ ਨੂੰ ਮਿਲੀ ਜਿਸ ਵਿਚ ਪੂਰੇ ਕੱਦ ਦੇ ਪੂਰੀ ਤਰ੍ਹਾਂ ਲੈਸ ਸਿੱਖ ਫੌਜੀ ਅੰਗਰੇਜ਼ੀ ਫੌਜੀਆਂ ਨਾਲ ਰਲ ਕੇ ਅਫ਼ਗਾਨਾਂ ਨਾਲ ਜੰਗ ਕਰਦੇ

ਦਿਖਾਏ ਜਾ ਰਹੇ ਹਨ। ਅੰਗਰੇਜ਼ਾਂ ਦੇ ਸਿਰਾਂ 'ਤੇ ਗੋਲੀਆਂ ਬੰਬਾਂ ਤੋਂ ਬਚਣ ਲਈ ਲੋਹ-ਟੋਪ ਹਨ, ਪਰ ਸਿੱਖਾਂ ਦੇ ਸਿਰਾਂ 'ਤੇ ਕੇਵਲ ਦਸਤਾਰਾਂ ਹੀ ਹਨ।

ਜਦ ਲੇਖਕ ਨੇ ਅਜਾਇਬ ਘਰ ਦੇ ਇੰਚਾਰਜ ਤੋਂ ਪੁਛਿਆ, ਕਿ ਸਿੱਖਾਂ ਨੇ ਆਪਣੀਆਂ ਦਸਤਾਰਾਂ 'ਤੇ ਲੋਹ-ਟੋਪ ਪਾਉਣ ਤੋਂ ਇਨਕਾਰ ਕੀਤਾ ਸੀ ਜਾਂ ਉਹਨਾਂ ਨੂੰ ਇਹ ਦਿਤੇ ਹੀ ਨਹੀਂ ਗਏ ?

ਤਾਂ ਇਕ ਜ਼ਿੰਮੇਵਾਰ ਵਿਅਕਤੀ ਨੇ ਇਸ ਨੁਕਤੇ 'ਤੇ ਰੋਸ਼ਨੀ ਪਾਉਂਦਿਆ ਦੱਸਿਆ, ਕਿ ਸਿੱਖਾਂ ਨੂੰ ਅੰਗਰੇਜ਼ ਹਾਕਮਾਂ ਵਲੋਂ ਹਦਾਇਤ ਕੀਤੀ ਗਈ ਕਿ ਉਹ ਵੀ ਸਿਰਾਂ ਤੇ ਲੋਹ-ਟੋਪ ਪਾ ਲੈਣ, ਕਿਉਂਕਿ ਪਹਾੜੀ ਇਲਾਕਾ ਹੋਣ ਕਾਰਨ ਗੋਲੀਆਂ ਤੇ ਬੰਬ ਪਹਾੜੀਆਂ ਉਤੋਂ ਵੀ ਵਰ੍ਹਦੇ ਹਨ ਜੋ ਸਿਰਾਂ ਵਿਚ ਲਗਦੇ ਹਨ ਤੇ ਫ਼ੌਜੀ ਦੀ ਮੌਤ ਹੋ ਜਾਂਦੀ ਹੈ। ਪਰ, ਮੌਤ ਦੀ ਪਰਵਾਹ ਨਾ ਕਰਦੇ ਹੋਏ ਲੋਹ-ਟੋਪ ਪਾਉਣਾ ਕੇਸਾਂ ਤੇ ਦਸਤਾਰ ਦੀ ਬੇਅਦਬੀ ਸਮਝਿਆ

ਅੰਗਰੇਜ਼ ਨੇ ਇਸ ਗੱਲ ਨੂੰ ਹੋਰ ਢੰਗ ਨਾਲ ਫਿਰ ਸਿੱਖਾਂ ਸਾਹਮਣੇ ਪੇਸ਼ ਕਰਦਿਆਂ ਹੋਇਆਂ ਲੋਹ-ਟੋਪ ਪਾਉਣ ਦੀ ਪ੍ਰੋੜ੍ਹਤਾ ਵਿਚ ਕਿਹਾ, ਕਿ ਲੋਹ-ਟੋਪ ਨਾ ਪਾਉਣ ਕਾਰਨ ਇਸ ਪਹਾੜੀ ਇਲਾਕੇ ਵਿਚ ਕਾਫ਼ੀ ਮਾਤਰਾ ਵਿਚ ਸਿੱਖ ਫ਼ੌਜੀ ਮਰ ਰਹੇ ਹਨ, ਸਰਕਾਰ ਪਾਸ ਇਨ੍ਹਾਂ ਦੇ ਪਰਵਾਰਾਂ ਨੂੰ ਪੈਨਸ਼ਨ ਦੇਣ ਲਈ ਕਾਫੀ ਧਨ ਮੌਜੂਦ ਨਹੀਂ।

ਇਸ ਦੇ ਉੱਤਰ ਵਿਚ ਸਿੱਖ ਫੌਜੀਆਂ ਨੇ ਅੰਗਰੇਜ਼ ਅਧਿਕਾਰੀਆਂ ਨੂੰ ਲਿਖ ਕੇ ਦੇ ਦਿੱਤਾ ਕਿ ਉਹ ਸਰਬ ਸੰਮਤੀ ਨਾਲ ਵਚਨ ਕਰਦੇ ਹਨ, ਕਿ ਜੇਕਰ ਉਹਨਾਂ ਦੇ ਸਿਰਾਂ ਵਿਚ ਗੋਲੀਆਂ ਲੱਗਣ ਨਾਲ ਉਹਨਾਂ ਦੀ ਮੌਤ ਹੋ ਜਾਵੇ ਤਾਂ ਉਹ ਪੈਨਸ਼ਨ ਕਲੇਮ ਕਰਨ ਦੇ ਹੱਕਦਾਰ ਨਹੀਂ ਹੋਣਗੇ, ਪਰ ਇਹ ਗੱਲ ਬਰਦਾਸ਼ਤ ਨਹੀਂ ਕਰ ਸਕਦੇ ਕਿ ਉਨ੍ਹਾਂ ਦੇ ਸਿਰਾਂ 'ਤੇ ਸਜੀਆਂ ਦਸਤਾਰਾਂ ਉਤੇ ਲੋਹ-ਟੋਪ ਪਾਏ ਜਾਣ। ਉਨ੍ਹਾਂ ਲਈ ਗੁਰੂ ਦੀਆਂ ਹਦਾਇਤਾਂ 'ਤੇ ਚਲਣਾ ਜ਼ਿੰਦਗੀ ਨਾਲੋਂ ਵਧ ਪਿਆਰਾ ਹੈ।

ਇੰਗਲੈਂਡ ਦੇ ਇਕ ਸ਼ਹਿਰ ਵੁਲਵਰਹੈਪਟਨ ਵਿਚ ਪੜ੍ਹਦੇ ਇਕ ਸਿੱਖ ਬੱਚੇ ਕੁਲਵਿੰਦਰ ਸਿੰਘ ਨੂੰ ਸਕੂਲ ਵਿਚੋਂ ੧੯੭੭-੭੮ ਵਿਚ ਇਸ ਲਈ ਕੱਢ ਦਿੱਤਾ ਗਿਆ ਕਿ ਉਸ ਨੇ ਸਕੂਲ ਦੀ ਵਰਦੀ ਦੇ ਨਾਲ ਨਾਲ ਸਿਰ 'ਤੇ ਦਸਤਾਰ ਵੀ ਸਜਾਈ ਹੋਈ ਹੈ, ਜਿਹੜੀ ਕਿ ਸਕੂਲ ਅਧਿਕਾਰੀਆਂ ਅਨੁਸਾਰ ਵਰਦੀ ਦੀ ਸ਼ੋਭਾ ਵਿਗਾੜਦੀ ਹੈ। ਬੱਚੇ ਨੇ ਹੈਡਮਾਸਟਰ ਨੂੰ ਕਿਹਾ ਕਿ-

> "ਸਕੂਲ ਵਲੋਂ ਨਿਸ਼ਚਿਤ ਸਾਰੀ ਵਰਦੀ ਉਸ ਪਾਈ ਹੋਈ ਹੈ ਅਤੇ ਨਾਲ ਹੀ ਹੈਡਮਾਸਟਰ ਤੋਂ ਕਿਤੇ ਉਚੇ ਤੇ ਪਵਿੱਤਰ ਗੁਰੂ ਦੇ ਹੁਕਮ ਦੇ ਤਾਬੇ ਉਸ ਨੇ ਗੁਰੂ ਵਲੋਂ ਨਿਰਧਾਰਤ ਵਰਦੀ (ਦਸਤਾਰ ਤੇ ਕੇਸ) ਵੀ ਸਜਾਏ ਹੋਏ ਹਨ, ਇਸ ਲਈ ਹੈਡਮਾਸਟਰ ਸਾਹਿਬ ਨੂੰ ਇਤਰਾਜ਼ ਨਹੀਂ ਹੋਣਾ ਚਾਹੀਦਾ।"

ਪਰ ਹੈਡਮਾਸਟਰ ਨੇ ੬ਵੀਂ ਵਿਚ ਪੜ੍ਹਦੇ ਇਸ ਬੱਚੇ ਦੀ ਕੋਈ ਗੱਲ ਨਾ ਸੁਣੀ ਤੇ ਉਸ ਨੂੰ ਸਕੂਲੋਂ ਕੱਢ ਦਿੱਤਾ। ਬੱਚਾ ਚੁਪ-ਚਾਪ ਕਲਾਸ ਵਿਚੋਂ ਬਾਹਰ ਆਇਆ, ਇਕ ਗੱਤੇ 'ਤੇ ਆਪਣਾ ਸਕੂਲ ਨਿਕਾਲਾ ਦਾ ਸੰਖੇਪ ਵਰਣਨ ਬੰਨ੍ਹ ਕੇ ਬਸਤਾ ਗਲ ਵਿਚ ਪਾਏ ਸਕੂਲ ਦੇ ਬਾਹਰ ਸੜਕ ਦੇ ਕੰਢੇ ਖੜ੍ਹਾ ਹੋ ਗਿਆ। ਸਕੂਲ ਵਿਚ ਛੁਟੀ ਹੋ ਗਈ ਪਰ ਬੱਚਾ ਆਪਣੇ ਮੋਰਚੇ ਤੇ ਡਟਿਆ ਰਿਹਾ। ਸ਼ਾਮ ਬਰਫ਼ ਪੈਣੀ ਸ਼ੁਰੂ ਹੋ ਗਈ ਪਰ ਬੱਚਾ ਉਥੇ ਹੀ ਰਿਹਾ। ਲੰਘਦੇ-ਲੰਘਦੇ ਲੋਕੀਂ ਉਸ ਨੂੰ ਵੇਖਦੇ, ਸਤਿਆਗ੍ਰਹਿ ਦਾ ਕਾਰਨ ਪੁਛਦੇ ਤੇ ਉਸ ਦੇ ਜਵਾਬ ਨੂੰ ਪੁਰਅਸਰ ਮੰਨਦੇ ਹੋਏ ਹੈਡਮਾਸਟਰ ਨੂੰ ਬੁਰਾ ਭਲਾ ਕਹਿਣ ਲੱਗ ਪਏ। ਗੱਲ ਸਰਕਾਰ ਦੇ ਨੋਟਿਸ ਵਿਚ ਲਿਆਂਦੀ ਗਈ। ਅਗਲੇ ਦਿਨ ਸਿਖਿਆ ਵਿਭਾਗ ਦਾ ਸਭ ਤੋਂ ਵੱਡਾ ਅਫਸਰ ਕੁਲਵਿੰਦਰ ਸਿੰਘ ਕੋਲ ਆਇਆ ਜਿਹੜਾ ਸਾਰੀ ਰਾਤ ਸਰਦੀ ਵਿਚ ਠਠੰਬਰਦਾ ਰਿਹਾ ਪਰ ਡਟਿਆ ਰਿਹਾ। ਉਸ ਅਧਿਕਾਰੀ ਨੇ ਬੱਚੇ ਨੂੰ ਸਕੂਲ ਵਿਚ ਦੋਬਾਰਾ ਦਾਖਲ ਕੀਤਾ ਤੇ ਇਸ ਤਰ੍ਹਾਂ ਸਾਰੇ ਇੰਗਲੈਂਡ ਨੂੰ ਕੰਨ ਹੋ ਗਏ ਕਿ ਸਿੱਖ ਦਸਤਾਰ ਜਾਂ ਕੇਸਾਂ ਨਾਲ ਵਧੀਕੀ ਬਰਦਾਸ਼ਤ ਕਰਨ ਵਾਲੇ ਨਹੀਂ।

ਜਦ ਇੰਗਲੈਂਡ ਵਿਚ ੧੯੭੨-੭੩ ਵਿਚ ਇਹ ਕਾਨੂੰਨ ਲਾਗੂ ਹੋਇਆ ਕਿ ਹਰ ਵਿਅਕਤੀ ਜਿਹੜਾ ਮੋਟਰ ਸਾਈਕਲ ਜਾਂ ਸਕੂਟਰ ਚਲਾਏਗਾ ਉਸ ਨੂੰ ਆਪਣੀ ਸੁਰੱਖਿਆ ਲਈ ਸਿਰ 'ਤੇ ਕਰੈਸ਼ ਹੈਲਮਟ ਪਾਉਣਾ ਪਵੇਗਾ ਤਾਂ ਸਿੱਖ ਮੋਟਰ ਸਾਈਕਲ ਸਵਾਰਾਂ ਲਈ ਸਮੱਸਿਆ ਬਣ ਗਈ। ਸਿੱਖਾਂ ਨੇ ਦੋ ਪਹੀਆ ਸਵਾਰੀ ਦੀ ਵਰਤੋਂ ਬੰਦ ਕਰ ਦਿੱਤੀ ਪਰ ਦਸਤਾਰਾਂ 'ਤੇ ਲੋਹ ਟੋਪ ਨਹੀਂ ਪਾਏ। ਆਖਰ ਇਸ ਮਸਲੇ 'ਤੇ ਮੋਰਚਾ ਲਗ ਗਿਆ। ਸਿੱਖਾਂ ਦਾ ਕੇਸ ਪਲੀਡ ਕਰਨ ਲਈ ਲੰਡਨ ਦੇ ਸਾਊਥਹਾਲ ਇਥੇ ਇਲਾਕੇ ਦੇ ਮੈਂਬਰ ਪਾਰਲੀਮੈਂਟ ਮਿਸਟਰ ਸਿਡਨੀ ਬਿਡਵੈਲ ਨੇ ਸਿੱਖਾਂ ਦਾ ਕੇਸ ਇੰਗਲੈਂਡ ਦੀ ਪਾਰਲੀਮੈਂਟ ਵਿਚ ਪਲੀਡ ਕੀਤਾ। ਲੇਖਕ ਵੀ ਉਨ੍ਹਾਂ ਦਿਨਾਂ ਵਿਚ ਇੰਗਲੈਂਡ ਵਿਚ ਸੀ ਅਤੇ ਕਮੇਟੀ ਲਈ ਹਰ ਕੋਈ ਸਮਗਰੀ ਇਕਤਰ ਕਰਕੇ ਮਿਸਟਰ ਬਿਡਵੈਲ ਨੂੰ ਦੇਣ ਲੱਗਾ। ਨਤੀਜੇ ਵਜੋਂ ਇੰਗਲੈਂਡ ਦੀ ਪਾਰਲੀਮੈਂਟ ਵਿਚ ੨੮-੧-੧੯੭੫, ੨੩-੬-੧੯੭੬, ੧੬-੭-੧੯੭੬, ੫-੧੦-੧੯੭੬, ੨੮-੧੦-੧੯੭੬, ਨੂੰ ਦਸਤਾਰ ਦੇ ਮਸਲੇ ਨੂੰ ਲੈ ਕੇ ਸਾਰੀ ਸਾਰੀ ਰਾਤ ਬਹਿਸਾਂ ਹੋਈਆਂ। ਮਿਸਟਰ ਬਿਡਵੈਲ ਤੇ ਹੋਰ ਕਈ ਅੰਗਰੇਜ਼ ਪਾਰਲੀਮੈਂਟ ਮੈਂਬਰਾਂ ਨੇ ਸਿੱਖਾਂ ਲਈ ਕੇਸਾਂ 'ਤੇ ਦਸਤਾਰ ਦੀ ਧਾਰਮਕ, ਸਮਾਜਕ ਤੇ ਇਖਲਾਕੀ ਮਹੱਤਤਾ ਦਰਸਾ ਕੇ ਸਾਰੇ ਇੰਗਲੈਂਡ ਨੂੰ ਦੰਗ ਕਰ ਦਿੱਤਾ ਅਤੇ ਆਖਰ ਸਿੱਖਾਂ ਦੇ ਧਾਰਮਕ ਜਜ਼ਬਾਤਾਂ ਦੀ ਕਦਰ ਕਰਦਿਆਂ ਹੋਇਆਂ ਇਨ੍ਹਾਂ ਨੂੰ ਦਸਤਾਰ ਬੰਨ੍ਹ ਕੇ ਹੀ ਇੰਗਲੈਂਡ ਦੀਆਂ ਸੜਕਾਂ 'ਤੇ ਮੋਟਰ ਸਾਈਕਲ ਸਕੂਟਰ ਚਲਾਉਣ ਦੀ ਛੋਟ ਮਿਲੀ, ਸਬੰਧਤ ਐਕਟ ਵਿਚ ਤਰਮੀਮ ਹੋਈ। ਜਿਸ ਦਾ ਅਸਰ ਬਾਕੀ ਦੁਨੀਆਂ ਵਿਚ ਰਹਿੰਦੇ ਸਿੱਖਾਂ 'ਤੇ ਵੀ ਬੜਾ ਸੁਖਾਵਾਂ ਪਿਆ ਅਤੇ ਸਿੰਘਾਂ ਨੂੰ ਹੁਣ ਲੱਗ-ਪੱਗ

ਸਾਰੀ ਦੁਨੀਆਂ ਵਿਚ ਕੇਸ ਦਾੜ੍ਹੀ ਤੇ ਦਸਤਾਰ ਰੱਖ ਕੇ ਨੌਕਰੀ ਕਰਨ, ਵਾਹੁਣ ਚਲਾਉਣ ਤੇ ਵਰਦੀ ਪਾਉਣ ਦੀ ਖੁਲ੍ਹ ਮਿਲ ਚੁਕੀ ਹੈ। ਉਕਤ ਘਟਨਾਵਾਂ ਸਪੱਸ਼ਟ ਕਰਦੀਆਂ ਹਨ ਕਿ ਸਿੱਖਾਂ ਲਈ ਕੇਸ ਤੇ ਦਸਤਾਰ ਕਿਤਨੀ ਮਹੱਤਤਾ ਰੱਖਦੀ ਹੈ।

ਕੇਸਾਂ ਦੀ ਮਹੱਤਤਾ ਨੂੰ ਧਾਰਮਿਕ ਤੇ ਵਿਗਿਆਨਕ ਪੱਧਰ 'ਤੇ ਮਹੱਤਵਪੂਰਨ ਸਮਝਦਿਆਂ ਹੋਇਆਂ ਅਸੀਂ ਦੇਖਦੇ ਹਾਂ ਕਿ ਯਸੂਮਸੀਹ ਤੇ ਹੋਰ ਪੀਰਾਂ ਪੈਗੰਬਰਾਂ ਦੇ ਕੇਸ, ਦਾਹੜੀ ਤੇ ਮੁੱਛਾਂ ਉਸੇ ਤਰ੍ਹਾਂ ਹੀ ਹਨ ਜਿਵੇਂ ਕਿ ਸਿੱਖ ਗੁਰੂ ਸਾਹਿਬਾਨ ਦੀਆਂ ਹਨ ਪਰ ਕ੍ਰਿਸ਼ਨ ਜੀ, ਰਾਜ ਚੰਦਰ ਜੀ ਅਤੇ ਗੋਤਮ ਬੁਧ ਦੇ ਕੇਸ ਤਾਂ ਹਰ ਚਿਤਰ ਤੇ ਮੂਰਤੀ ਵਿਚ ਦਰਸਾਏ ਗਏ ਹਨ ਪਰ ਦਾਹੜੀ ਤੇ ਮੁੱਛਾਂ ਨਹੀਂ ਹਨ। ਅੱਜ ਦੇ ਵਿਦਵਾਨ ਇਹ ਵਿਆਖਿਆ ਦੇਂਦੇ ਹਨ ਕਿ ਵਾਸਤਵ ਵਿਚ ਇਨ੍ਹਾਂ ਹਿੰਦੂ ਤੇ ਬੋਧੀ ਅਵਤਾਰਾਂ ਦੀਆਂ ਵੀ ਕੇਸਾਂ ਦੇ ਨਾਲ-ਨਾਲ ਦਾਹੜੀ ਮੁੱਛਾਂ ਸਨ ਪਰ ਇਨ੍ਹਾਂ ਨੂੰ ਪੁਰਸ਼ ਗੁਣਾਂ ਦੀ ਥਾਂ ਦਯਾ, ਸਿਦਕ, ਨਿਮਰਤਾ, ਹਲੀਮੀ, ਕੋਮਲਤਾ ਤੇ ਸੇਵਾ ਦੇ ਗੁਣਾਂ ਨੂੰ ਉਜਾਗਰ ਕਰਨ ਲਈ ਇਸਤਰੀ ਰੂਪੀ ਪ੍ਰਭਾਵਾਂ ਵਾਲਾ ਦੱਸਿਆ ਗਿਆ ਹੈ ਤਾਂ ਜੋ ਇਸ ਰੂਪ ਵਿਚ ਇਨ੍ਹਾਂ ਦੇ ਦਰਸ਼ਨਾਂ ਨਾਲ ਇਹ ਦਯਾ ਵਾਲੇ ਸ਼ੁਭ ਗੁਣ ਮਨੁੱਖੀ ਸਭਿਆਚਾਰ ਵਿਚ ਸਿੰਜ ਜਾਣ।

ਅੱਗੇ ਜਾ ਕੇ ਅਜਿਹੇ ਨਰਮ ਸੁਭਾਈ ਗੁਣਾਂ ਕਾਰਨ ਸਮੁੱਚੀ ਕੌਮ ਵਿਚ ਕਰੜੇਪਣ ਦਾ ਅਭਾਵ ਹੋਣ ਲੱਗ ਪਿਆ। ਜਿਸ ਦੇ ਫਲਸਰੂਪ ਕੌਮ ਪੁਰਖੀ-ਸ਼ਕਤੀ ਦੇ ਖੇਤਰ ਵਿਚ ਨਿਰਬਲ ਹੋਣ ਲਗ ਪਈ। ਕਿਉਂਕਿ ਸਿੱਖ ਗੁਰੂ ਸਾਹਿਬਾਨ ਨੇ ਕੌਮ ਵਿਚ ਦੁਬਾਰਾ ਤੇ ਮਰਦਊ ਗੁਣ ਭਰਨੇ ਸਨ ਤਾਂ ਜੋ ਉਹ ਆਪਣੀ ਤੇ ਆਪਣੇ ਸਮਾਜ ਦੀ ਰੱਖਿਆ ਕਰ ਸਕੇ। ਇਸ ਲਈ ਉਨ੍ਹਾਂ ਨੇ ਕੇਸ ਦਾਹੜੀ ਰੱਖਣ ਉਤੇ ਵਿਸ਼ੇਸ਼ ਜ਼ੋਰ ਦਿੱਤਾ ਤੇ ਨਾਲ ਹੀ ਸਿੱਖ ਵਿਚ ਦਯਾ, ਨਿਮਰਤਾ ਤੇ ਦੂਜੇ ਦੇ ਹਿੱਤਾਂ ਦੀ ਰਾਖੀ ਦੀ ਵੀ ਸਮਰੱਥਾ ਭਰੀ।

ਉਪਰੋਕਤ ਤਰਕ ਤੋਂ ਹੋਰ ਕਿਸੇ ਗੱਲ ਦਾ ਅਰਥ ਕਢੇ ਬਗੈਰ ਅਸੀਂ ਇਹ ਯੋਗ ਸਮਝਦੇ ਹਾਂ ਕਿ ਜੇ ਗੋਤਮ ਬੁਧ, ਰਾਮ ਚੰਦਰ ਤੇ ਕ੍ਰਿਸ਼ਨ ਜੀ ਦੇ ਕੇਸ ਸਨ ਤਾਂ ਉਨ੍ਹਾਂ ਦੀਆਂ ਦਾਹੜੀਆਂ ਤੇ ਮੁੱਛਾਂ ਵੀ ਜ਼ਰੂਰ ਹੋਣਗੀਆਂ ਤੇ ਉਹ ਕੇਸਾਂ ਦਾ ਪੂਰਾ-ਪੂਰਾ ਸਤਿਕਾਰ ਕਰਦੇ ਹੋਣਗੇ। ਇਹ ਗੱਲ ਵੱਖਰੀ ਹੈ ਕਿ ਅਸੀਂ ਆਪਣੀ ਇੱਛਾ ਜਾਂ ਲੋੜ ਅਨੁਸਾਰ ਉਨ੍ਹਾਂ ਸੂਰਮਿਆਂ ਦੇ ਬੜੇ ਸੋਹਲ ਤੇ ਤਿੱਖੇ ਨਕਸ਼ਾਂ ਵਾਲੇ ਚਿਤਰ ਤੇ ਮੂਰਤੀਆਂ ਘੜ ਲਈਆਂ ਹਨ। "ਹਨੂਮਾਨ ਨਾਟਕ" ਹਿਰਦੇ ਰਾਮ ਵਾਲੇ ਪ੍ਰਕਰਣ ਵਿਚ ਇਹ ਵਰਣਨ ਆਉਂਦਾ ਹੈ ਕਿ ਸ੍ਰੀ ਰਾਮ ਚੰਦਰ ਜੀ ਅਤੇ ਪਰਸਰਾਮ ਦਾ ਜਦ ਝਗੜਾ ਹੋਇਆ ਤਾਂ ਸ੍ਰੀ ਲਛਮਣ ਕਰੋਧ ਵਿਚ ਆ ਕੇ ਪਰਸਰਾਮ ਨੂੰ ਕਹਿੰਦੇ ਹਨ-

"ਕਹੋ ਬਾਂਧ ਡਾਰੋ, ਕਹੋ ਬਾਰਧ ਉਤਾਰੋ,
ਕਹੋ ਕੇਸ ਫੜ ਮਾਰੋ, ਕਹੋ ਜੂੜਾ ਕਾਟ ਲੀਜੀਏ।"

ਤੁਲਸੀ ਰਮਾਇਣ ਦੇ ਅਯੁਧਿਆ ਕਾਂਡ ਵਿਚ ਸ੍ਰੀ ਰਾਮ ਚੰਦਰ ਜੀ ਅਤੇ ਲਛਮਣ ਜੀ ਦੇ ਵੱਡੇ-ਵੱਡੇ ਕੇਸ ਹੋਣ ਦਾ ਹਵਾਲਾ ਹੈ। ਉਕਤ ਕਾਂਡ ਵਿਚ ਇਵੇਂ ਅੰਕਤ ਹੈ ਕਿ-

"ਜਦ ਰਾਮ ਚੰਦਰ ਜੀ ਬਨਵਾਸ ਲਈ ਰਵਾਨਾ ਹੋਏ ਤਾਂ ਪਹਿਲੇ ਹੀ ਦਿਨ ਉਨ੍ਹਾਂ ਇਕ ਮਲਾਹ ਦੇ ਪਿੰਡ ਕਿਆਮ ਕੀਤਾ। ਸੋ ਮਲਾਹ ਨੂੰ ਕਿਹਾ 'ਉਹ ਉਨ੍ਹਾਂ ਨੂੰ ਬੋਹੜ ਦਾ ਦੁੱਧ ਲਿਆ ਕੇ ਦੇਵੇ ਜਿਸ ਨਾਲ ਦੋਹਾਂ ਭਰਾਵਾਂ ਨੇ ਆਪਣੇ ਸਿਰਾਂ ਤੇ ਜਟਾਂ ਬਣਾਈਆਂ।

"ਅਨੁਜ ਸਹਿਤ ਸਿਰ ਜਟਾ ਬਨਾਏ।
ਦੇਖਿ ਸੁਮੰਤ੍ਰ ਨਯਨ ਜਲ ਛਾਏ।" (ਮਾਸ ਪਾਰਾਯਣ ਬਿਸ੍ਰਾਮ ੧੫ ਚੌ: ੯੪)

ਇਸੇ ਤਰ੍ਹਾਂ ਸ੍ਰੀ ਕ੍ਰਿਸ਼ਨ ਜੀ ਨਾਲ ਜੁੜੀਆਂ ਕਥਾਵਾਂ ਦੇ ਵਾਚਣ ਤੋਂ ਵੀ ਪਰਤੱਖ ਪ੍ਰਤੀਤ ਹੁੰਦਾ ਹੈ ਕਿ ਇਸ ਯੁਗ ਵਿਚ ਵੀ ਕੇਸ ਰੱਖਣਾ ਇਕ ਅਵਸ਼ਕਤਾ ਸੀ, ਜ਼ਰੂਰੀ ਲਛਣ ਸੀ। ਅਸ੍ਵੱਥਾਮਾ ਵਲੋਂ ਪਾਂਡਵਾਂ ਦੇ ਪੁੱਤਰਾਂ ਦੇ ਸਿਰ ਵੱਢ ਦੇਣ ਦੇ ਦੋਸ਼ ਵਿਚ ਸ੍ਰੀ ਕ੍ਰਿਸ਼ਨ ਜੀ ਨੇ ਇਸ ਦਾ ਜੂੜਾ ਕੱਟਿਆ ਤੇ ਮੱਥੇ ਵਿਚੋਂ ਮਣੀ ਕਢੀ। ਇਸੇ ਤਰ੍ਹਾਂ ਰੁਕਮਣੀ ਦੇ ਭਰਾ ਰੁਕਮ ਨੂੰ ਵੀ ਸਜ਼ਾ ਦੇਂਦੇ ਹੋਏ ਉਨ੍ਹਾਂ ਨੇ ਉਸ ਦਾ ਵੀ ਜੂੜਾ ਵੱਢ ਸੁਟਿਆ। ਉਸ ਸਮੇਂ ਕਿਸੇ ਨੂੰ ਜਾਨੋਂ ਮਾਰ ਦੇਣਾ, ਦੇਸ਼ ਨਿਕਾਲਾ ਦੇਣਾ ਜਾਂ ਉਮਰ ਕੈਦ ਕਰਨ ਨਾਲੋਂ ਵੀ ਵਧ ਸਜ਼ਾ ਉਸ ਦੇ ਕੇਸ ਕਤਲ ਕਰਨਾ ਸਮਝਿਆ ਜਾਂਦਾ ਸੀ।

ਜਿਉਂ-ਜਿਉਂ ਪਰਾਚੀਨ ਭਾਰਤੀ ਇਤਿਹਾਸ ਦੇ ਪੰਨੇ ਫਰੋਲੀਏ ਸਾਨੂੰ ਬੇਸ਼ੁਮਾਰ ਥਾਈਂ ਕੇਸਾਂ ਦੀ ਮਹੱਤਤਾ, ਇਨ੍ਹਾਂ ਨੂੰ ਸਾਫ਼-ਸੁਥਰਾ ਤੇ ਸੰਭਾਲ ਕੇ ਰੱਖਣ ਦੀ ਤਾਕੀਦ ਦੇ ਸ਼ਬਦ ਮਿਲਦੇ ਹਨ। ਰਿਗਵੇਦ ਤੇ ਹੋਰ ਵੇਦ ਸਿਮਰਤੀਆਂ ਉਪਨਿਸ਼ਦ ਆਦਿ ਸਾਡੀਆਂ ਕਦੀਮ ਲਿਖਤਾਂ ਵਿਚ ਗਿਣੇ ਗਏ ਹਨ। ਇਨ੍ਹਾਂ ਵਿਚ ਵੀ ਕੇਸਾਂ ਦਾ ਭਰਵਾਂ ਹਵਾਲਾ ਸਲੋਕਾਂ ਤੇ ਮੰਤਰਾਂ ਦੇ ਰੂਪ ਵਿਚ ਲਿਖਿਆ ਮਿਲਦਾ ਹੈ। ਰਿਗਵੇਦ ਦੇ ਮੰਤਰ ਨੰਬਰ ੬ ਦੇ ਸੂਤਰ ਪਦ ਮੰਡਲ ੨ ਵਿਚ ਅਤੇ ਅਥਰ੍ਵ ਵੇਦ ਦੇ ਕਾਂਡ ੧੯ ਸੂਤਰ ੩੨ ਵਿਚ ਵੀ ਹਰ ਮਨੁੱਖ ਨੂੰ ਕੇਸ ਰੱਖਣ ਦੀ ਸਪੱਸ਼ਟ ਹਦਾਇਤ ਕੀਤੀ ਗਈ ਹੈ। ਯਜੁਰਵੇਦ ਵਿਚ ਮੁੱਛਾਂ ਰੱਖਣ ਨੂੰ ਬਹਾਦਰੀ ਦਾ ਚਿੰਨ੍ਹ ਮੰਨਿਆ ਗਿਆ ਹੈ, ਪਰ ਜੇ ਮੁੱਛਾਂ ਦੇ ਨਾਲ-ਨਾਲ ਕੇਸ ਦਾਹੜੀਆਂ ਵੀ ਹੋਣ ਤਾਂ ਉਸ ਸੂਰਮੇ ਦੀ ਠਾਠ ਕਿਹੋ ਜਿਹੀ ਹੋਵੇਗੀ। ਇਸ ਗੱਲ ਦਾ ਅੰਦਾਜ਼ਾ ਜਰਨੈਲ ਹਰੀ ਸਿੰਘ ਨਲੂਆ, ਨਵਾਬ ਜੱਸਾ ਸਿੰਘ, ਬਾਬਾ ਦੀਪ ਸਿੰਘ ਜੀ ਸ਼ਹੀਦ ਤੇ ਸੂਰਬੀਰ ਯੋਧੇ ਬਾਬਾ ਬੰਦਾ ਸਿੰਘ ਬਹਾਦਰ ਦੇ ਚਿਤਰਾਂ ਤੋਂ ਇਨ੍ਹਾਂ ਦੇ ਦਰਸ਼ਨ ਕਰਕੇ ਸਹਿਜੇ ਹੀ ਹੋ ਜਾਂਦਾ ਹੈ।

ਉਪਰੋਕਤ ਲਿਖਤ ਤੋਂ ਇਹ ਅਨੁਮਾਨ ਨਹੀਂ ਲਗਾਉਣਾ ਚਾਹੀਦਾ ਕਿ ਪ੍ਰਾਚੀਨ ਕਾਲ ਵਿਚ ਕੇਸਾਂ ਦੀ ਮਹੱਤਤਾ ਬਾਰੇ ਕੇਵਲ ਹਿੰਦੂ ਗ੍ਰੰਥਾਂ ਵਿਚੋਂ ਹੀ ਇਨ੍ਹਾਂ ਦੇ ਰੱਖਣ ਦੇ ਹਵਾਲੇ ਮਿਲਦੇ ਹਨ, ਸਗੋਂ ਜੇ ਗਹੁ ਨਾਲ ਇਸਲਾਮ ਧਰਮ ਦਾ ਤੇ ਸੂਫੀ ਮੁਸਲਮਾਨਾਂ ਬਾਰੇ ਅਧਿਐਨ ਕਰੀਏ ਤਾਂ ਸਾਨੂੰ ਕਈ ਹਵਾਲੇ ਅਜਿਹੇ ਮਿਲਣਗੇ ਜਿਨ੍ਹਾਂ ਤੋਂ ਕੇਸਾਂ ਦੇ ਸਤਿਕਾਰ ਬਾਰੇ ਕੀਤੀ ਤਾਕੀਦ ਦਾ ਪਤਾ ਲੱਗਦਾ ਹੈ। ਇਸ ਸਬੰਧੀ ਸੰਖੇਪ ਵਰਣਨ ਦੇਣਾ ਵੀ ਜ਼ਰੂਰੀ ਜਾਪਦਾ ਹੈ-

ਇਸਲਾਮ ਧਰਮ ਵਿਚ ਬੁਤ-ਪੂਜਾ ਵਿਵਰਜਤ ਹੈ, ਇਸ ਲਈ ਹਜ਼ਰਤ ਮੁਹੰਮਦ ਸਾਹਿਬ ਤੇ ਹੋਰ ਧਾਰਮਕ ਪੀਰਾਂ ਆਦਿ ਦੇ ਨਾ ਤਾਂ ਚਿਤਰ ਬਣ ਸਕਦੇ ਹਨ ਨਾ ਬੁਤ ਜਾਂ ਮੂਰਤੀਆਂ ਫਿਰ ਵੀ ਉਹਨਾਂ ਦੇ ਜੀਵਨ ਦੇ ਕਾਰਨਾਮਿਆਂ ਤੇ ਉਹਨਾਂ ਨਾਲ ਸਬੰਧਤ ਹੋਰ ਲਿਖਤਾਂ ਵਿਚੋਂ ਸਾਨੂੰ ਭਲੀ-ਭਾਂਤ ਪਤਾ ਲਗਦਾ ਹੈ ਕਿ ਇਹ ਰੱਬੀ ਉਪਾਸ਼ਕ ਵੀ ਕੇਸ ਦਾਹੜੀਆਂ ਦਾ ਬਹੁਤ ਇਹਤਰਾਮ ਕਰਦੇ ਸਨ। ਹਜ਼ਰਤ ਮੁਹੰਮਦ ਸਾਹਿਬ ਦੇ ਮੂਏ ਮੁਬਾਰਕ (ਪਵਿੱਤਰ ਰੋਮ) ਤਾਂ ਸ੍ਰੀ ਨਗਰ ਵਿਚ ਵੀ ਅੱਜ ਤਕ ਸੰਭਾਲ ਕੇ ਰੱਖੇ ਪਏ ਹਨ। ਅੱਜ ਤੋਂ ਦੋ ਕੁ ਦਹਾਕੇ ਪਹਿਲੇ ਇਨ੍ਹਾਂ ਨੂੰ ਕਿਸੇ ਸ਼ਰਾਰਤੀ ਨੇ ਚੁਰਾ ਲਿਆ ਸੀ ਜਿਸ ਬਾਰੇ ਇਸਲਾਮ ਜਗਤ ਵਿਚ ਬੇਚੈਨੀ ਫੈਲ ਗਈ ਸੀ। ਵਾਹਿਗੁਰੂ ਦੀ ਮਿਹਰ ਹੋਈ ਤੇ ਇਹ ਪਵਿੱਤਰ ਯਾਦਗਾਰੀ ਰੋਮ ਮਿਲ ਗਏ ਤਾਂ ਹਜ਼ਰਤ ਮੁਹੰਮਦ ਸਾਹਿਬ ਦੇ ਅਨੁਯਾਈਆਂ ਨੇ ਸੁਖ ਦਾ ਸਾਹ ਲਿਆ।

੧੨ਵੀਂ ਸਦੀ ਦੇ ਸੂਫੀ ਸੰਤ ਬਾਬਾ ਫਰੀਦ ਸ਼ਕਰਗੰਜ, ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਦੇ ਕੇਸ ਸਨ। ਹੀਰ ਰਾਂਝੇ ਦੇ ਕਿੱਸੇ ਦੇ ਲੋਕ-ਪ੍ਰਿਯ ਕਵੀ ਵਾਰਸ ਸ਼ਾਹ ਦੇ ਚਿਤਰਾਂ ਵਿਚ ਕੇਸ ਦਾਹੜੀ ਪਰਤੱਖ ਦਿਸਦੇ ਹਨ। ਬੁਲ੍ਹੇ ਸ਼ਾਹ, ਦਮੋਦਰ, ਕੇਸਾਂ ਨੂੰ ਸਰੀਰ ਦਾ ਕੁਦਰਤੀ ਅੰਗ ਸਮਝਦੇ ਸਨ। ਪੀਰ ਬੁਧੂ ਸ਼ਾਹ ਜਿਹੜੇ ਗੁਰੂ ਗੋਬਿੰਦ ਸਿੰਘ ਜੀ ਦਾ ਸਤਿਕਾਰ ਕਰਦੇ ਸਨ ਅਤੇ ਉਹਨਾਂ ਨਾਲ ਰਲ ਕੇ ਉਹਨਾਂ ਨੇ ਜ਼ੁਲਮ ਦੇ ਖਿਲਾਫ ਗੁਰੂ ਸਾਹਿਬ ਵਲੋਂ ਕੀਤੀਆਂ ਜੰਗਾਂ ਵਿਚ ਆਪਣੇ ਪੁਤਰਾਂ, ਸਾਕ-ਸੰਬੰਧੀਆਂ ਤੇ ਫੌਜੀਆਂ ਦੀਆਂ ਜਾਨਾਂ ਦੀ ਆਹੂਤੀ ਪਾਈ, ਕੇਸਾਧਾਰੀ ਸਨ ਤੇ ਜਦ ਇਕ ਵਾਰੀ ਗੁਰੂ ਸਾਹਿਬ ਨੇ ਉਹਨਾਂ ਦੀਆਂ ਨਿਸ਼ਕਾਮ ਸੇਵਾਵਾਂ ਬਦਲੇ ਪੀਰ ਜੀ ਨੂੰ ਉਹਨਾਂ ਪਾਸੋਂ ਕੁਝ ਮੰਗਣ ਲਈ ਕਿਹਾ ਤਾਂ ਬੜੀ ਆਜਜ਼ੀ ਨਾਲ ਪੀਰ ਜੀ ਨੇ ਗੁਰੂ ਸਾਹਿਬ ਨੂੰ ਅਰਜ਼ ਕੀਤੀ, ਕਿ ਉਹ ਉਹਨਾਂ ਨੂੰ ਆਪਣਾ ਕੰਘਾ ਕਰਨ ਸਮੇਂ ਨਿਕਲੇ ਕੇਸਾਂ ਦੀ ਬਖਸ਼ਸ਼ (ਪੀਰ ਜੀ ਨੂੰ) ਕਰ ਦੇਣ। ਇਨ੍ਹਾਂ ਤੋਂ ਵੱਡੀ ਦਾਤ ਹੋਰ ਕੋਈ ਨਹੀਂ।

ਜਿਵੇਂ ਹਿੰਦੂ ਧਰਮ ਦੇ ਗ੍ਰੰਥਾਂ ਤੇ ਵੇਦਾਂ ਆਦਿ ਵਿਚ ਕੇਸ ਕੱਟਣ ਤੋਂ ਵਰਜਨਾ ਕੀਤੀ ਗਈ ਹੈ, ਇਵੇਂ ਹੀ ਮੁਸਲਮਾਨਾਂ ਦੇ ਪਾਕ ਗ੍ਰੰਥ ਕੁਰਾਨ ਸ਼ਰੀਫ ਵਿਚ ਵੀ ਇਕ ਆਇਤ ਵਿਚ ਆਉਂਦਾ ਹੈ ਕਿ ਆਪਣੇ ਸਿਰਾਂ ਦੇ ਵਾਲਾਂ ਨੂੰ ਬਿਲਕੁਲ ਨਾ ਮੁਨਾਓ।

ਜਿਥੇ ਵਿਗਿਆਨੀਆਂ ਨੇ ਵੱਖ-ਵੱਖ ਪੱਖਾਂ 'ਤੇ ਖੋਜ ਕਰਕੇ ਸਿੱਧ ਕੀਤਾ ਹੈ ਕਿ ਕੇਸ ਰੱਖਣੇ ਦਿਲ ਦਿਮਾਗ ਅਤੇ ਮਾਨਸਿਕ ਇਕਸਾਰਤਾ ਲਈ ਜ਼ਰੂਰੀ ਹਨ, ਉਥੇ ਮਨੋ-ਵਿਗਿਆਨਕ ਖੋਜੀਆਂ ਨੇ ਕੇਸ ਕਟਵਾਉਣ ਦੀ ਪਰਵਿਰਤੀ ਬਾਰੇ ਘੋਖ ਕਰਦਿਆਂ ਇਹ ਅਨੁਮਾਨ ਲਗਾਇਆ ਹੈ ਕਿ ਮਨੁੱਖ ਦੇ ਧੁਰ ਅੰਦਰਲੇ ਮਨ ਅੰਦਰ ਇਕ ਅਜਿਹਾ ਸੰਘਰਸ਼ ਚਲ ਰਿਹਾ ਹੈ, ਜਿਸ ਰਾਹੀਂ ਆਦਮੀ ਆਪਣੇ ਸਰੂਪ ਤੋਂ ਛੁਟਕਾਰਾ ਪਾ ਕੇ ਇਸਤਰੀ ਰੂਪ ਧਾਰਨ ਕਰਨਾ ਚਾਹੁੰਦਾ ਹੈ ਅਤੇ ਇਸਤਰੀ ਮਰਦ ਦੀ ਸ਼ਕਲ ਪ੍ਰਾਪਤ ਕਰਨ ਵਿਚ ਪ੍ਰਸੰਨਤਾ ਲੋਚਦੀ ਹੈ। ਮਨੋ-ਵਿਗਿਆਨੀਆਂ ਦਾ ਕਥਨ ਹੈ ਕਿ ਇਸ ਸੰਘਰਸ਼ ਦੇ ਅਚੇਤ ਪਰਭਾਵ ਸਦਕਾ ਹੀ ਮਰਦ ਨੇ ਆਪਣੇ ਮਰਦਊ-ਪੁਣੇ ਦੇ ਚਿੰਨ੍ਹ ਦਾਹੜੀ ਨੂੰ ਤਲਾਂਜਲੀ ਦੇਣੀ ਅਰੰਭ ਕਰ ਦਿੱਤੀ ਤਾਂ ਜੋ ਉਹ ਔਰਤ ਵਰਗਾ ਮਨੁੱਖ ਦਿਸਣ ਲੱਗ ਪਵੇ। ਦਾੜ੍ਹੀ ਕੇਸ ਕਟਵਾਣ ਦੇ ਇਸ ਮਨੋ-ਵਿਗਿਆਨਕ ਕਾਰਨ ਦਾ ਵਿਸ਼ਲੇਸ਼ਣ ਪ੍ਰਸਿੱਧ ਮਨੋਵਿਗਿਆਨੀ ਗਸਤਵ ਯੁੰਗ ਨੇ ਕੀਤਾ, ਪਰ ਇਸ ਨੂੰ ਪੂਰੀ ਤਰ੍ਹਾਂ ਮੰਨਣ ਲਈ ਹਾਲੇ ਹੋਰ ਵਾਚਨ, ਪੜ੍ਹਨ, ਘੋਖਣ ਅਤੇ ਅਜ਼ਮਾਉਣ ਦੀ ਲੋੜ ਹੈ। ਪਰ, ਜੇ ਇਹ ਨਿਰਕਰਸ਼, ਮਨੋ-ਵਿਗਿਆਨਕ ਪੁਰਖ ਦੇ ਅਧਾਰ 'ਤੇ ਸਹੀ ਸਿੱਧ ਹੋ ਨਿਬੜੇ ਤਦ ਅਸੀਂ ਗੁਰੂ ਗੋਬਿੰਦ ਸਿੰਘ ਜੀ ਦਾ ਇਸ ਪੱਖੋਂ ਵੀ ਦੇਣਾ ਨਹੀਂ ਦੇ ਸਕਦੇ, ਜਿਨ੍ਹਾਂ ਨੇ ਸਾਨੂੰ ਹਦਾਇਤ ਕੀਤੀ ਹੈ ਕਿ ਅਸੀਂ ਅਕਾਲ ਪੁਰਖ ਵਲੋਂ ਦਿਤੇ ਸਰੂਪ ਨੂੰ ਬਰਕਰਾਰ ਰੱਖੀਏ। ਅਜਿਹਾ ਕਰਨ ਨਾਲ ਸਾਡੇ ਮਨ ਦੀਆਂ ਡੂੰਘਾਈਆਂ ਵਿਚ ਚਲ ਰਹੀ ਇਹ ਜੰਗ ਵੀ ਠੰਢੀ ਪੈ ਜਾਵੇਗੀ ਤੇ ਸਾਡੇ ਚੰਚਲ ਮਨ ਨੂੰ ਟਿਕਾਅ ਮਿਲੇਗਾ। ਇਹ ਸਾਰਾ ਕੁਝ ਕੇਸਾਂ ਨੂੰ ਸਵੀਕਾਰ ਕਰਨ ਦੇ ਸਿੱਟੇ ਵਜੋਂ ਹੀ ਪ੍ਰਾਪਤ ਹੋ ਸਕਦਾ ਹੈ ਕਿਉਂਕਿ ਇਨ੍ਹਾਂ ਨੂੰ ਰੱਖ ਕੇ ਹੀ ਅਸੀਂ ਸਾਬਤ ਸੂਰਤ ਰਹਿ ਸਕਦੇ ਹਾਂ-

"ਸਾਬਤ ਸੂਰਤ ਰੱਬ ਦੀ ਭੰਨੇ ਬੇਈਮਾਨ"

ਅਮਰੀਕਾ ਦੇ ਪ੍ਰਸਿੱਧ ਇਤਿਹਾਸਕਾਰ ਮਿ: ਤਿਆਨਬੀ ਪਾਸੋਂ ਇਸ ਦੀ ਇਕ ਪਾਠਕਾ ਨੇ ਪੁਛਿਆ, ਕਿ ਤੁਸੀਂ ਸਾਰੇ ਸੰਸਾਰ ਦੇ ਲੋਕਾਂ ਦਾ ਇਤਿਹਾਸ ਲਿਖਿਆ ਹੈ, ਇਸ ਲਈ ਉਹਨਾਂ ਨੂੰ ਬਹੁਤ ਚੰਗੀ ਤਰ੍ਹਾਂ ਜਾਣਦੇ ਹੋ, ਕਿਰਪਾ ਕਰਕੇ ਆਪਣੇ ਗਿਆਨ, ਤਜਰਬੇ ਅਤੇ ਸੋਚ ਦੇ ਅਧਾਰ 'ਤੇ ਇਹ ਦੱਸਣ ਦੀ ਖੇਚਲ ਕਰੋ ਕਿ ਦੁਨੀਆਂ ਵਿਚ ਸਭ ਤੋਂ ਖੂਬਸੂਰਤ ਮਨੁੱਖ ਕਿਹੜਾ ਹੈ ?

ਤਿਆਨਬੀ ਨੇ ਬਿਨਾਂ ਝਿਜਕ ਆਪਣੀ ਪਾਠਕਾ ਨੂੰ ਦੱਸਿਆ, ਕਿ ਸੰਸਾਰ ਦਾ ਸਭ ਤੋਂ ਸੋਹਣਾ ਮਨੁੱਖ ਉਹ ਸਿੱਖ ਹੈ, ਜਿਸ ਨੇ ਆਪਣੇ ਸਿਰ 'ਤੇ ਪੂਰੇ-ਪੂਰੇ ਵਾਲ 'ਤੇ ਮੂੰਹ ਤੇ ਖੁਲ੍ਹੀ ਦਾੜ੍ਹੀ ਰੱਖੀ ਹੋਈ ਹੈ, ਕਿਉਂਕਿ ਅਜਿਹਾ ਮਨੁੱਖ ਹੀ ਪੂਰਨ ਸਰੂਪ ਵਿਚ ਹੈ।

ਖੂਬਸੂਰਤੀ ਦੇ ਇਸ ਵਰਣਨ ਨੂੰ ਸੁਣ ਕੇ ਪਾਠਕਾ ਹੈਰਾਨ ਰਹਿ ਗਈ ਅਤੇ ਇਹ ਜਵਾਬ ਸੁਣ ਕੇ ਉਸ ਨੇ ਫਿਰ ਸਵਾਲ ਕੀਤਾ, ਕਿ ਇਹ ਤਾਂ ਠੀਕ ਹੀ ਹੋਵੇਗਾ, ਪਰ ਹੁਣ ਲਗਦੇ

ਹੱਥ ਇਹ ਵੀ ਦਸ ਦਿਓ ਕਿ ਤੁਹਾਡੇ ਖਿਆਲ ਅਨੁਸਾਰ ਸੰਸਾਰ ਭਰ ਵਿਚ ਸਭ ਤੋਂ ਬਦਸੂਰਤ ਮਨੁੱਖ ਕੌਣ ਹੈ ?

ਤਾਂ ਉਸ ਨੇ ਫਿਰ ਝਟ ਕਿਹਾ, ''ਕੇਸ ਤੇ ਦਾੜ੍ਹੀ ਨੂੰ ਮੁੰਨਣ ਵਾਲਾ ਸਿੱਖ।''

ਸ਼ਾਇਦ ਕੇਸਾਂ ਦੀ ਦਾਤ ਨੂੰ ਸਵੀਕਾਰ ਕਰਨ ਕਾਰਨ ਹੀ ਤਿਆਨਬੀ ਨੇ ਆਪਣੇ ੨੦ ਜਿਲਦਾਂ ਵਿਚ ਲਿਖੇ ਇਨਸਾਨੀ ਵਿਕਾਸ ਦੇ ਇਤਿਹਾਸ ਵਿਚ ਲਿਖਿਆ ਹੈ ਕਿ-

> ''ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਖਾਲਸੇ ਦਾ ਭਵਿੱਖ ਕਿਸੇ ਵੀ ਹਾਲਤ ਵਿਚ ਧੁੰਦਲਾ ਨਹੀਂ ਅਤੇ ਆਪਣੀ ਅਦੁੱਤੀ ਫਿਲਾਸਫੀ ਕਾਰਨ ਮਨੁੱਖਤਾ ਦੇ ਸਰਵ ਨਾਸ਼ ਹੋਣ ਤੇ ਵੀ ਉਹ ਬਚ ਨਿਕਲੇਗਾ।''

ਗੁਰੂ ਤੇਗ ਬਹਾਦਰ ਦੀ ਸ਼ਹਾਦਤ ਨੇ ਜਨਤਾ ਦੇ ਦਿਲਾਂ ਵਿਚ ਧਰਮ ਦੀ ਗੌਰਖਿਆ ਪ੍ਰਤੀ ਜਾਗਰਤੀ ਪੈਦਾ ਕੀਤੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬੇਦਾਰ ਹੋਈ ਇਸ ਭਾਵਨਾ ਨੂੰ ਸੰਗਠਤ ਕਰਕੇ ਖਾਲਸੇ ਦੀ ਸਿਰਜਨਾ ਕੀਤੀ ਜਿਸ ਨੇ ਜ਼ਾਲਮ ਹਕੂਮਤ ਵਲੋਂ ਕੀਤੇ ਜਾ ਰਹੇ ਅਤਿਆਚਾਰਾਂ ਨੂੰ ਠਲ੍ਹ ਪਾਉਣ ਲਈ ਹਰ ਪ੍ਰਕਾਰ ਦੀਆਂ ਕੁਰਬਾਨੀਆਂ ਖਿੜੇ ਮੱਥੇ ਕੀਤੀਆਂ ਪਰ ਇਸ ਤੋਂ ਪਹਿਲਾਂ ਵੀ ਆਪਣੇ ਗੁੱਸੇ ਤੇ ਰੋਹ ਨੂੰ ਕਾਬੂ ਨਾ ਕਰ ਸਕਣ ਵਾਲੇ ਕੁਝ ਸਿੱਖਾਂ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਮਗਰੋਂ ਔਰੰਗਜ਼ੇਬ ਬਾਦਸ਼ਾਹ 'ਤੇ ਕਈ ਵਾਰ ਕੀਤੇ ਜਿਨ੍ਹਾਂ ਦਾ ਜ਼ਿਕਰ ਉਸ ਦਾ ਦਰਬਾਰੀ ਮੁਨਸ਼ੀ ਮੁਹੰਮਦ ਸਾਕੀ ਇਵੇਂ ਕਰਦਾ ਹੈ:

੮ ਫਗਣ ੧੭੩੨ ਨੂੰ ਬਾਦਸ਼ਾਹ ਜਾਮਾ ਮਸਜਦ ਵਿਚ ਨਮਾਜ਼ ਅਦਾ ਕਰਨ ਉਪਰੰਤ ਬੇੜੀ ਤੋਂ ਉਤਰ ਕੇ ਆਪਣੇ ਤਖ਼ਤੇ ਰਵਾਂ ਤੇ ਸਵਾਰ ਹੋਇਆ ਤਾਂ ਗੁਰੂ ਤੇਗ ਦੇ ਇਕ ਬਦਬਖ਼ਤ ਤੇ ਸਿਰ ਫਿਰੇ ਚੇਲੇ ਨੇ ਉਸ ਨੂੰ ਦੋ ਇੱਟਾਂ ਮਾਰੀਆਂ ਜਿਨ੍ਹਾਂ ਵਿਚੋਂ ਇਕ ਤਖ਼ਤ ਤੇ ਆ ਵੱਜੀ। ਇਸੇ ਤਰ੍ਹਾਂ ਦਿੱਲੀ ਵਿਖੇ ਹੀ ਬਾਦਸ਼ਾਹ ਦੀ ਸਵਾਰੀ 'ਤੇ ਕਿਸੇ ਨੇ ਦੂਰ ਤੋਂ ਇਕ ਡੰਡਾ ਵਗਾਹ ਮਾਰਿਆ, ਜਿਹੜਾ ਬਾਦਸ਼ਾਹ ਦੇ ਛਤਰ ਦੇ ਅਗਲੇ ਹਿੱਸੇ 'ਤੇ ਲੱਗਾ। ਇਕ ਵਾਰੀ ਫਿਰ ਜਦ ਔਰੰਗਜ਼ੇਬ ਜਾਮਾ ਮਸਜਦ ਤੋਂ ਨਿਕਲਣ ਉਪਰੰਤ ਘੋੜੇ 'ਤੇ ਸਵਾਰ ਹੋਣ ਲੱਗਾ ਤਾਂ ਇਕ ਆਦਮੀ ਅਚਾਨਕ ਹੀ ਨੰਗੀ ਤਲਵਾਰ ਹੱਥ ਵਿਚ ਲਹਿਰਾਉਂਦਾ ਉਸ ਤੱਕ ਜਾ ਪੁੱਜਾ। ਭਾਵੇਂ ਉਸ ਵਲੋਂ ਕੋਈ ਵਾਰ ਕਰਨ ਤੋਂ ਪਹਿਲਾਂ ਸਿਪਾਹੀਆਂ ਨੇ ਉਸ ਨੂੰ ਫੜ ਲਿਆ ਫਿਰ ਵੀ ਇਕ ਰਖਿਅਕ ਮੁਕਰਨ ਖਾਂ ਦੀ ਉਂਗਲੀ ਬੁਰੀ ਤਰ੍ਹਾਂ ਫਟੜ ਹੋ ਗਈ।

ਧਾਰਮਕ ਜਨੂਨ ਅਤੇ ਕਟੜਪੁਣੇ ਦੀ ਅੱਗ ਨੇ ਔਰੰਗਜ਼ੇਬ ਨੂੰ ਪੂਰੀ ਤਰ੍ਹਾਂ ਆਪਣੀ ਗਰਿਫਤ ਵਿਚ ਲਿਆ ਹੋਇਆ ਸੀ, ਉਸ ਨੇ ਮੰਦਰ ਤੇ ਮੂਰਤੀਆਂ ਢਵਾਉਣ ਦੇ ਕਰੜੇ ਆਦੇਸ਼ ਦਿਤੇ ਹੋਏ ਸਨ। ਉਕਤ ਵਾਰਦਾਤਾਂ ਨੂੰ ਕਿਥੇ ਸਹਿਨ ਕਰ ਸਕਦਾ ਸੀ, ਇਸ ਲਈ ਉਸ

ਨੇ ਸਿੱਖਾਂ ਨੂੰ ਖਤਮ ਕਰਨ ਲਈ ਸਖ਼ਤ ਆਦੇਸ਼ ਦਿਤੇ। ਜਿਸ ਅਨੁਸਾਰ ੧੭ਵੀਂ ਤੇ ੧੮ਵੀਂ ਸਦੀ ਦੌਰਾਨ ਸਿੱਖਾਂ 'ਤੇ ਬਹੁਤ ਭੀੜਾਂ ਬਣੀਆਂ ਰਹੀਆਂ। ਅੰਗਰੇਜ਼ ਇਤਿਹਾਸਕਾਰ ਮੈਲਕਮ ਨੇ ਸਿੱਖਾਂ ਦੇ ਸੰਖੇਪ ਇਤਿਹਾਸ ਵਿਚ ਲਿਖਿਆ ਹੈ ਕਿ-

"੧੮ਵੀਂ ਸਦੀ ਵਿਚ ਕਿਸੇ ਹਿੰਦੂ ਜਾਂ ਸਿੱਖ ਨੂੰ ਲੰਮੇ ਕੇਸ ਦਾਹੜੀ ਰੱਖਣ ਦੀ ਆਗਿਆ ਨਹੀਂ ਸੀ ਪਰ ਜਿਹੜਾ ਕੇਸ ਜਾਂ ਦਾਹੜੀ ਮੁਨਾਉਣ ਤੋਂ ਇਨਕਾਰ ਕਰਦਾ ਸੀ ਉਸ ਲਈ ਸਿੱਧੀ ਮੌਤ ਦੀ ਸਜ਼ਾ ਸੀ। ਅਜਿਹੇ ਸੰਗੀਨ ਆਦੇਸ਼ਾਂ ਦੇ ਬਾਵਜੂਦ ਵੀ ਗੁਰੂ ਦੇ ਸਿੰਘ ਆਪਣੇ ਪਵਿੱਤਰ ਮੰਤਵ ਦੀ ਪੂਰਤੀ ਲਈ ਵੱਡੇ ਤੋਂ ਵੱਡੇ ਭੈਭੀਤ ਆਦੇਸ਼ ਦੀ ਵੀ ਪਰਵਾਹ ਨਾ ਕਰਦੇ। ਅਜਿਹੀ ਕੁਰਬਾਨੀ ਉਨ੍ਹਾਂ ਨੂੰ ਇਤਨੀ ਪਿਆਰੀ ਸੀ ਜਿਤਨੀ ਪਰਵਾਨੇ ਨੂੰ ਸ਼ਮਾਂ ਦੀ ਲਾਟ 'ਤੇ ਸੜ ਮਰਨ ਦੀ ਲਗਨ।"

ਇਹੀ ਇਤਿਹਾਸਕਾਰ ਮੈਲਕਮ ਲਿਖਦਾ ਹੈ, ਕਿ-

"ਸਿੱਖਾਂ ਨੇ ਕੇਸ ਰੱਖਣ ਪ੍ਰਤੀ, ਸਿੱਖਾਂ ਦੇ ਸਿਰਾਂ ਦੇ ਮੁੱਲਾਂ ਪ੍ਰਤੀ ਆਦੇਸ਼ਾਂ ਦੀ ਪਰਵਾਹ ਨਾ ਕਰਦੇ ਹੋਏ ਸਿੰਘ ਸਜਣਾ ਸ਼ੁਰੂ ਕੀਤਾ ਤੇ ਹੱਸ-ਹੱਸ ਕੇ ਜਾਨਾਂ ਵਾਰੀਆਂ।"

ਉਸ ਨੇ ਪੰਜਾਬ ਵਿਚ ਉਸ ਸਮੇਂ ਪ੍ਰਚਲਤ ਇਕ ਰਵਾਇਤ ਦਾ ਜ਼ਿਕਰ ਕੀਤਾ, ਜੋ ਇਵੇਂ ਹੈ-

"ਜੇਕਰ ਕਿਸੇ ਪੰਜਾਬਣ ਮਾਂ ਪਾਸੋਂ ਕੋਈ ਦੂਜੀ ਔਰਤ ਪੁਛਦੀ ਕਿ ਭੈਣ! ਤੇਰੇ ਕਿਤਨੇ ਪੁੱਤਰ ਹਨ ?"

ਤਾਂ ਉਹ ਜਵਾਬ ਦੇਂਦੀ ਹੈ ਕਿ-

"ਹੈ ਤਾਂ ਸੁਖ ਨਾਲ ਚਾਰ ਹਨ ਪਰ ਇਕ ਉਨ੍ਹਾਂ ਵਿਚੋਂ ਸਿੰਘ ਸਜ ਗਿਆ ਹੈ।"

ਭਾਵ ਇਹ ਹੈ ਕਿ ਸਿੰਘ ਸਜਣਾ ਸਿੱਧੀ ਮੌਤ ਨੂੰ ਆਵਾਜ਼ ਮਾਰਨਾ ਸੀ ਪਰ ਕਿਉਂਕਿ ਗੁਰੂ ਦੇ ਸੂਰਬੀਰ ਸਪੁੱਤਰ ਸਿੰਘ ਸੂਰਮੇ ਦੇਸ਼ ਕੌਮ ਤੇ ਧਰਮ ਦੀ ਰਾਖੀ ਲਈ ਆਪਣੇ ਪਰਾਣਾਂ ਦੀ ਆਹੂਤੀ ਦੇ ਰਹੇ ਸਨ ਇਸ ਲਈ ਹਰ ਘਰ ਵਿਚੋਂ ਇਕ ਦੋ ਪੁੱਤਰਾਂ ਨੂੰ ਮਾਵਾਂ, ਚਾਵਾਂ ਨਾਲ ਸਿੰਘ ਸਜਾਂਦੀਆਂ ਸਨ ਅਤੇ ਇਨ੍ਹਾਂ ਦੇ ਕਾਰਨਾਮਿਆਂ 'ਤੇ ਮਾਣ ਕਰਦੀਆਂ ਸਨ। ਜਦ ਕਦੀ ਇਹ ਸੂਰਮੇ ਦੁਸ਼ਮਣ ਨਾਲ ਲੋਹਾ ਲੈਣ ਉਪਰੰਤ ਆਪਣੇ ਘਰਾਂ ਵੱਲ ਚੱਕਰ ਮਾਰ ਜਾਂਦੇ ਸਨ ਤਾਂ ਪੰਜਾਬੀ ਮਾਵਾਂ ਆਪਣੇ ਇਨ੍ਹਾਂ ਸਪੁੱਤਰਾਂ ਦੇ ਤਿਆਗ, ਇਖਲਾਕ ਤੇ ਕੁਰਬਾਨੀ ਦੇ ਜਜ਼ਬੇ ਦੀ ਕਦਰਦਾਨੀ ਵਿਚ ਕਹਿੰਦੀਆਂ ਸਨ-

"ਆ ਗਏ ਨਿਹੰਗ, ਬੂਹੇ ਖੋਲ੍ਹ ਦਿਓ ਨਿਸੰਗ"

ਭਾਵ ਇਹ ਕਿ ਜਦ ਇਹੋ ਜਿਹੇ ਬਹਾਦਰ ਘਰ ਵਿਚ ਹੋਣ ਤਦ ਡਰ ਕੇ ਬੂਹੇ ਬੰਦ ਰੱਖਣ ਦੀ ਲੋੜ ਨਹੀਂ।

ਯੂਰਪ ਤੇ ਅਮਰੀਕਾ ਵਿਚ ਸ਼ਭ ਮਾਇਕ ਅਤੇ ਹੋਰ ਸੁਖ ਸਾਧਨ ਹੋਣ ਦੇ ਬਾਵਜੂਦ ਬੇਚੈਨੀ ਹੋ ਗਈ ਅਤੇ ਕੁਝ ਵਿਦਵਾਨਾਂ ਦਾ ਇਹ ਮਤ ਹੈ ਕਿ-

> ਜੇਕਰ ਪੱਛਮੀ ਦੇਸ਼ਾਂ ਦੇ ਵਸਨੀਕ ਕੇਸ ਰੱਖ ਲੈਣ ਤਾਂ ਉਨ੍ਹਾਂ ਦੀ ਬਹੁਤ ਹੱਦ ਤੱਕ ਮਾਨਸਕ ਪਰੇਸ਼ਾਨੀ ਖਤਮ ਹੋ ਜਾਵੇਗੀ। ਕਿਉਂਕਿ ਕੇਸ ਨਰਵਸ ਸਿਸਟਮ ਨੂੰ ਮਜ਼ਬੂਤ ਕਰਦੇ ਹਨ ਅਤੇ ਮਾਨਸਕ ਪਰੇਸ਼ਾਨੀਆਂ ਤੇ ਮਾਯੂਸੀਆਂ ਕਮਜ਼ੋਰ ਨਰਵਸ ਸਿਸਟਮ ਦੀ ਉਪਜ ਹਨ।"

ਜਦ ੧੯੬੦ ਤਕ ਅਮਰੀਕਾ ਤੇ ਹੋਰ ਪੱਛਮੀ ਦੇਸ਼ ਠੰਡੀ ਜੰਗ ਕਾਰਨ ਪਰੇਸ਼ਾਨ ਸਨ ਤਾਂ ਕੁਦਰਤ ਨੇ ਉਨ੍ਹਾਂ ਦੀ ਇਸ ਪਰੇਸ਼ਾਨੀ ਨੂੰ ਦੇਖਦਿਆਂ ਹੋਇਆਂ ਨਵੀਂ ਪੀੜ੍ਹੀ ਵਿਚ ਅਜਿਹੇ ਭਾਵਾਂ ਦਾ ਸੰਚਾਰ ਕੀਤਾ, ਜਿਨ੍ਹਾਂ ਦੇ ਫਲ ਸਰੂਪ ਲੰਬੇ-ਲੰਬੇ ਪਟੇ ਰੱਖਣ ਵਾਲੀ ਪਨੀਰੀ ਸਾਰੇ ਪੱਛਮੀ ਸੰਸਾਰ ਵਿਚ ਹੋਂਦ ਵਿਚ ਆ ਗਈ ਜਿਹੜੀ ਅੱਜ ਆਪਣੇ ਪਿੱਤਰਾਂ ਨਾਲੋਂ ਘੱਟ ਬੇਚੈਨ ਅਤੇ ਵਧੇਰੇ ਸਾਦਾ ਹੈ।

ਗੱਲ ਇਥੇ ਹੀ ਨਹੀਂ ਮੁੱਕੀ, ਵਾਹਿਗੁਰੂ ਦੇ ਹੁਕਮ ਨਾਲ ਅਮਰੀਕਾ ਵਿਚ ਕੇਸਾਧਾਰੀ ਤਿਆਰ-ਬਰ-ਤਿਆਰ ਨਵੇਂ ਸਜੇ ਅਮਰੀਕਨ ਸਿੰਘਾਂ ਦੇ ਉੱਚੇ-ਸੁੱਚੇ ਕਿਰਦਾਰ ਸਪੱਸ਼ਟ ਅਤੇ ਮੁਲਮਾ ਰਹਿਤ ਜੀਵਨ ਗੁਰੂ ਆਸ਼ੇ ਅਨੁਸਾਰ ਸਥਾਪਤ ਕੀਤੀ ਰਹੁ ਰੀਤੀ ਤੇ ਅਮਲੀ ਤੌਰ 'ਤੇ ਸੁਚੱਜੇ ਇਖਲਾਕ ਦੇ ਧਾਰਨੀ ਸਿੰਘਾਂ ਦੀਆਂ ਮਿਸਾਲਾਂ ਨੇ ਪੱਛਮ ਵਿਚ ਅਧਿਆਤਮਕ ਸੋਝੀ ਲਈ ਇਕ ਸੁਖਾਵੇਂ ਵਾਤਾਵਰਨ ਦੇ ਪਿੜ ਬੰਨ੍ਹਣੇ ਵੀ ਆਰੰਭ ਕਰ ਦਿੱਤੇ ਹਨ ਅਤੇ ਕੇਸਾਂ ਵਾਲੇ ਅਮਰੀਕਨ ਸਿੰਘਾਂ ਨੂੰ ਸਾਰੀਆਂ ਖੂਬੀਆਂ ਦਾ ਮੁਜਸਮਾ ਤਸਵਰ ਕੀਤਾ ਜਾਣ ਲੱਗ ਪਿਆ ਹੈ। ਇਨ੍ਹਾਂ ਕਾਰਨਾਂ ਕਰਕੇ ਵੀ ਉਥੇ ਕੇਸਾਂ ਬਾਰੇ ਜਗਿਆਸਾ ਵਧ ਰਹੀ ਹੈ। ਸੋ ਸੰਖੇਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਕੇਸ ਅਕਾਲ ਪੁਰਖ ਨੇ ਮਨੁੱਖ ਨੂੰ ਬਿਨਾਂ ਕਿਸੇ ਜ਼ਾਤ-ਪਾਤ ਨੂੰ ਦੇਖਦਿਆਂ ਹੋਇਆਂ ਤੋਹਫ਼ੇ ਵਜੋਂ ਦਿਤੇ ਹਨ। ਇਸ ਲਈ ਇਨ੍ਹਾਂ ਨੂੰ ਫੈਸ਼ਨ ਦੀ ਬਲੀ ਚੜ੍ਹਾ ਕੇ ਮਨੁੱਖਤਾ ਨੂੰ ਬੇਤਰਤੀਬ ਜੀਵਨ ਵੱਲ ਨਹੀਂ ਘਸੀਟਿਆ ਜਾਣਾ ਚਾਹੀਦਾ ਸਗੋਂ ਇਨ੍ਹਾਂ ਨੂੰ ਠੀਕ- ਠਾਕ ਹਾਲਤ ਵਿਚ ਰੱਖ ਕੇ ਇਸ ਗੱਲ ਦਾ ਅਹਿਸਾਸ ਕਰਵਾਉਣਾ ਚਾਹੀਦਾ ਹੈ ਕਿ ਅਸੀਂ ਪਰਮਾਤਮਾ ਦੀ ਇਸ ਦਾਤ ਨੂੰ ਸੰਭਾਲ ਕੇ ਰੱਖਣ ਵਿਚ ਇਸ ਭਾਵਨਾ ਦਾ ਪ੍ਰਗਟਾਵਾ ਕਰਦੇ ਹਾਂ ਕਿ ਅਸੀਂ ਅਕਾਲ ਪੁਰਖ ਨੂੰ ਮਹਾਨ ਸਮਝਦੇ ਹਾਂ ਅਤੇ ਉਸ ਵਲੋਂ ਦਿੱਤੇ ਸਰੂਪ ਨੂੰ ਉਸੇ ਹੀ ਰੂਪ ਵਿਚ ਧਾਰਨ ਕਰਕੇ ਉਸ ਦੀ ਅਗਿਆਕਾਰਤਾ ਅਤੇ ਮਿਹਰ ਦ੍ਰਿਸ਼ਟੀ ਵਿਚ ਰਹਿੰਦੇ ਹਾਂ। ਕੇਸਾਧਾਰੀ ਹੋ ਕੇ ਅਸੀਂ ਉਸ ਦੇ ਸਰੂਪ ਵਾਲੇ ਹੋਣ ਦਾ ਗੌਰਵ ਪ੍ਰਾਪਤ ਕਰ ਸਕਦੇ ਹਾਂ। ਕਿਉਂਕਿ ਜਿਨ੍ਹਾਂ ਵੀ ਮਹਾਨ ਆਤਮਾਵਾਂ ਨੇ ਆਪਣੀ ਦਿਬ ਦ੍ਰਿਸ਼ਟੀ ਨਾਲ ਵਾਹਿਗੁਰੂ ਦੇ ਦਰਸ਼ਨ ਕੀਤੇ ਹਨ ਉਨ੍ਹਾਂ ਨੇ ਕਿਸੇ ਨਾ ਕਿਸੇ ਢੰਗ ਵਿਚ ਉਸ ਦੇ ਲੰਮੇ ਸੋਹਣੇ ਕੇਸਾਂ ਦੀ ਤਾਰੀਫ ਕੀਤੀ ਹੈ। ਇਸੇ ਕਰਕੇ ਹੀ ਵਾਹਿਗੁਰੂ ਦੇ ਗੁਣਾਤਮਕ ਨਾਵਾਂ ਵਿਚ ਕੇਸਵ ਵੀ ਹੈ, ਜਿਸ ਦੇ ਅਰਥ ਹਨ "ਕੇਸਾਂ ਵਾਲਾ"।

"ਪੂਜਾ ਅਕਾਲ ਕੀ,

ਪਰਚਾ ਸ਼ਬਦ ਕਾ,

ਦੀਦਾਰ ਖਾਲਸੇ ਕਾ"

"ਕਿਰਤ ਕਰੋ,

ਨਾਮ ਜਪੋ,

ਵੰਡ ਛਕੋ"

"ਅੰਮ੍ਰਿਤ ਛਕੋ,

ਸਿੰਘ ਸਜੋ,

ਨਸ਼ੇ ਛੱਡੋ"

"ਗੁਰਮੁਖੀ ਪੜ੍ਹੋ,

ਗੁਰਮੁਖੀ ਲਿਖੋ,

ਗੁਰਮੁਖੀ ਬੋਲੋ"